ਉੱਜੀਵਨ ਸਮਾਲ ਫਾਈਨਾਂਸ ਬੈਂਕ
ਬਣਾਏ ਇੱਕ ਬੇਹਤਰ ਜੀਵਨ

# ਗੋਲਡ ਲੋਨ ਅਰਜ਼ੀ ਫਾਰਮ

(CIN: L65110KA2016PLC142162)

ਮੈਂ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਿਟਿਡ ("ਬੈਂਕ") ਨੂੰ ਹੇਠਾਂ ਦਿੱਤੇ ਵੇਰਵਿਆਂ ਅਨੁਸਾਰ, ਮੇਰੀ ਮਲਕੀਅਤ ਵਾਲੇ ਸੋਨੇ ਦੇ ਗਹਿਣਿਆਂ ਨੂੰ ਗਿਰਵੀ ਰੱਖ ਕੇ ਕਰਜ਼ਾ ਦੇਣ ਬੇਨਤੀ ਕਰਦਾ ਹਾਂ।

| | | |
|---|---|---|
| ਤਾਰੀਖ : | ਬ੍ਰਾਂਚ ਦਾ ਨਾਂਅ: | ਰੈਫਰਲ ਸਟਾਫ਼ ਆਈਡੀ: |
| CIF ।ਆਈਡੀ: | ਗਾਹਕ ਦੀ ਕਿਸਮ: ਮੌਜੂਦਾ/ ਨਵਾਂ | ਬਿਨੈਕਾਰ ਦਾ ਨਾਂਅ: |

ਗਾਹਕ ਦੀ ਫ਼ੋਟੋ

**ਨਿੱਜੀ ਵੇਰਵੇ:**

| | | |
|---|---|---|
| ਪਿਤਾ ਦਾ ਨਾਂਅ: | ਮਾਤਾ ਦਾ ਨਾਂਅ: | ਬਿਨੈਕਾਰ ਦੀ ਜਨਮ ਤਾਰੀਖ: |
| ਲਿੰਗ: | ਵਿਆਹੁਕ ਦਰਜਾ : | ਪਤੀ/ਪਤਨੀ ਦਾ ਨਾਂਅ: |
| ਪੱਕਾ ਪਤਾ: | | |
| ਮੌਜੂਦਾ ਪਤਾ: | | |

**KYC ਵੇਰਵੇ:**

| | | | |
|---|---|---|---|
| ਪੈਨ: | | CKYC ਨੰਬਰ: | |
| | ਪਛਾਣ ਦਾ ਸਬੂਤ | ਸਥਾਈ ਪਤੇ ਦਾ ਸਬੂਤ | ਵਰਤਮਾਨ ਪਤੇ ਦਾ ਸਬੂਤ |
| ਦਸਤਾਵੇਜ਼ ਦਾ ਨਾਂਅ | | | |
| ਦਸਤਾਵੇਜ਼ ਨੰਬਰ | | | |
| ਖਤਮ ਹੋਣ ਦੀ ਤਾਰੀਖ | | | |

**ਗਾਹਕ ਪ੍ਰੋਫਾਇਲ:**

| | | |
|---|---|---|
| ਕਿੱਤਾ: | ਧਰਮ: | ਸ਼੍ਰੇਣੀ: |
| ਵਿਦਿਅਕ ਯੋਗਤਾ: | ਆਮਦਨ (ਸਲਾਨਾ): | ਸਿਆਸੀ ਤੌਰ 'ਤੇ ਪ੍ਰਗਟ ਵਿਅਕਤੀ: |

**ਕਰਜ਼ੇ ਦੇ ਵੇਰਵੇ:**

| | | | |
|---|---|---|---|
| ਕਰਜ਼ੇ ਦੀ ਰਕਮ: | ਕਰਜ਼ੇ ਦੀ ਮਿਆਦ: | ਵਿਆਜ ਦਰ: | ਨਵਿਆਉਣ ਦਾ ਤਰੀਕਾ: |
| ਪ੍ਰੋਸੈਸਿੰਗ ਫ਼ੀਸ: | ਪ੍ਰੀ-ਕਲੋਜ਼ਰ ਚਾਰਜਿਜ਼: | ਜੁਰਮਾਨਾ: | ਸਟੈਂਪ ਡਿਊਟੀ: |
| ਡਿਸਆਨਰ ਚਾਰਜਿਜ਼: | ਵੇਲਿਊਏਸ਼ਨ ਚਾਰਜਿਜ਼: | ਵੰਡ ਦਾ ਤਰੀਕਾ: | ਮੁੜ ਅਦਾਇਗੀ ਦਾ ਤਰੀਕਾ: |
| ਬੈਂਕ ਖਾਤਾ ਨੰਬਰ: | ਬੈਂਕ ਦਾ ਨਾਂਅ: | ਖਾਤਾਧਾਰਕ ਦਾ ਨਾਂਅ: | ਕਰਜ਼ੇ ਦਾ ਉਦੇਸ਼: |
| *ਖੇਤੀਬਾੜੀ ਦੇ ਉਦੇਸ਼ ਲਈ | ਜ਼ਮੀਨ ਦਾ ਰਕਬਾ(ਏਕੜ ਵਿੱਚ) | ਪਟਾ ਨੰਬਰ/ ਖਸਰਾ ਨੰਬਰ (ਵਿਕਲਪੀ) | |
| *ਖੇਤੀ ਸਹਾਇਕ ਗਤੀਵਿਧੀਆਂ ਦੇ ਉਦੇਸ਼ ਲਈ | ਸ਼੍ਰੇਣੀ | ਉਪ ਸ਼੍ਰੇਣੀ | |

**ਨਾਮਜ਼ਦਗੀ ਦੇ ਵੇਰਵੇ:** ਮੈਂ ਹੇਠ ਲਿਖੇ ਵਿਅਕਤੀ ਨੂੰ ਨਾਮਜ਼ਦ ਕਰਦਾ ਹਾਂ, ਜਿਸ ਨੂੰ ਮੇਰੀ ਮੌਤ ਹੋਣ ਦੀ ਸੂਰਤ ਵਿੱਚ, ਬੈਂਕ ਦੀ ਕਸਟਡੀ ਵਿੱਚ ਗਿਰਵੀ ਰੱਖੀ ਗਈ ਸੋਨੇ ਦੀ ਜ਼ਮਾਨਤ ਨੂੰ ਕਰਜ਼ੇ ਤਹਿਤ ਬਕਾਇਆ ਰਕਮ ਦੀ ਪੂਰੀ ਅਦਾਇਗੀ ਅਤੇ ਬੈਂਕ ਦੁਆਰਾ ਨਿਰਧਾਰਤ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾ ਕੇ ਬੈਂਕ ਦੁਆਰਾ ਵਾਪਸ ਕੀਤਾ ਜਾ ਸਕਦਾ ਹੈ।

| | | | |
|---|---|---|---|
| ਨਾਮਜ਼ਦ ਵਿਅਕਤੀ ਦਾ ਨਾਂਅ: | ਨਾਮਜ਼ਦ ਵਿਅਕਤੀ ਦੀ ਜਨਮ ਤਾਰੀਖ: | ਮੇਰੇ ਨਾਲ ਰਿਸ਼ਤਾ(ਜੇ ਕੋਈ ਹੈ): | |
| ਨਾਮਜ਼ਦ ਵਿਅਕਤੀ ਦਾ ਪਤਾ: | | | |
| ਸਰਪ੍ਰਸਤ ਦਾ ਨਾਂਅ: | ਸਰਪ੍ਰਸਤ ਨਾਲ ਨਾਬਾਲਗ ਦਾ ਰਿਸ਼ਤਾ (ਜੇ ਕੋਈ ਹੈ): | ਸਰਪ੍ਰਸਤ ਦਾ ਪਤਾ: | |
| ਨਾਮਜ਼ਦ ਵਿਅਕਤੀ ਦਾ ਪਤਾ: | | ਤਾਰੀਖ: | ਸਥਾਨ: |

(*ਜੇ ਨਾਮਜ਼ਦ ਵਿਅਕਤੀ ਨਾਬਾਲਗ ਹੈ ਤਾਂ ਭਰੋ: ਕਿਉਂਕਿ ਨਾਮਜ਼ਦ ਵਿਅਕਤੀ ਇਸ ਤਾਰੀਖ ਨੂੰ ਨਾਬਾਲਗ ਹੈ, ਮੈਂ (ਸਰਪ੍ਰਸਤ) ਨਿਯੁਕਤ ਕਰਦਾ ਹਾਂ (ਸਰਪ੍ਰਸਤ))

ਮੈਂ ਪੁਸ਼ਟੀ ਕਰਦਾ ਹਾਂ ਕਿ ਇਹ ਨਾਮਜ਼ਦਗੀ ਮੇਰੇ ਦੁਆਰਾ ਕੀਤੇ ਗਏ ਕਿਸੇ ਵੀ ਹੋਰ ਪ੍ਰਬੰਧ ਨੂੰ ਰੱਦ ਕਰ ਦੇਵੇਗੀ, ਚਾਹੇ ਉਹ ਵਸੀਅਤ ਹੋਵੇ ਜਾਂ ਕੁਝ ਹੋਰ ਅਤੇ ਨਾਮਜ਼ਦ ਵਿਅਕਤੀ ਹੋਰ ਵਿਅਕਤੀ(ਆਂ) ਨੂੰ ਛੱਡ ਕੇ ਬੈਂਕ ਨੂੰ ਸਾਰੀਆਂ ਬਕਾਇਆ ਰਕਮਾਂ ਦਾ ਭੁਗਤਾਨ ਕਰਨ ਤੋਂ ਬਾਅਦ ਬੈਂਕ ਦੀ ਕਸਟਡੀ ਵਿੱਚ ਗਹਿਣੇ ਰੱਖੇ ਹੋਏ ਸੋਨੇ ਦੀ ਸੁਰੱਖਿਆ ਪ੍ਰਾਪਤ ਕਰਨ ਦਾ ਹੱਕਦਾਰ ਬਣ ਜਾਏਗਾ। ਮੈਂ ਇਹ ਵੀ ਪੁਸ਼ਟੀ ਕਰਦਾ ਹਾਂ ਕਿ ਅਜਿਹੀ ਵਾਪਸੀ 'ਤੇ ਬੈਂਕ ਨੂੰ ਛੱਡ ਦਿੱਤਾ ਜਾਵੇਗਾ ਅਤੇ ਡਿਸਚਾਰਜ ਕੀਤਾ ਜਾਏਗਾ।

<table>
<tr><td rowspan="3">ਗਾਹਕ ਦੇ ਦਸਤਖ਼ਤ/ਅੰਗੂਠੇ ਦਾ ਨਿਸ਼ਾਨ</td><td>ਗਵਾਹ 1(ਜੇਕਰ ਅੰਗੂਠੇ ਦਾ ਨਿਸ਼ਾਨ ਲਾਇਆ ਗਿਆ ਹੈ<br>ਦਸਤਖ਼ਤ:</td><td>ਗਵਾਹ 2 (ਜੇਕਰ ਅੰਗੂਠੇ ਦਾ ਨਿਸ਼ਾਨ ਲਾਇਆ ਗਿਆ ਹੈ</td></tr>
<tr><td>ਨਾਂਅ:</td><td>ਨਾਂਅ:</td></tr>
<tr><td>ਪਤਾ:</td><td>ਪਤਾ:</td></tr>
</table>

ਇਸ ਦਸਤਾਵੇਜ਼ ਰਾਹੀਂ ਮੁਹਈਆ ਕੀਤੀ ਗਈ ਜਾਣਕਾਰੀ/ਡੇਟਾ ਤੋਂ ਇਲਾਵਾ, ਬੈਂਕ ਦੇ ਰਿਕਾਰਡਾਂ/ਡੋਮੇਨ ਵਿੱਚ ਪਹਿਲਾਂ ਹੀ ਉਪਲਬਧ ਮੇਰੇ ਵੇਰਵੇ/ਪ੍ਰਮਾਣ ਪੱਤਰ/ਜਾਣਕਾਰੀ ਦੀ ਵਰਤੋਂ ਕਰਜ਼ੇ ਲਈ ਅਰਜ਼ੀ ਦੀ ਪ੍ਰਕਿਰਿਆ ਲਈ ਕੀਤੀ ਜਾ ਸਕਦੀ ਹੈ। ਜੇਕਰ ਬੈਂਕ ਨੂੰ ਪਹਿਲਾਂ ਜਮ੍ਹਾਂ ਕਰਾਏ ਗਏ ਮੇਰੇ ਵੇਰਵਿਆਂ/ਪ੍ਰਮਾਣ ਪੱਤਰਾਂ/ਜਾਣਕਾਰੀ ਵਿੱਚ ਕੋਈ ਬਦਲਾਅ ਹੋਇਆ ਹੈ/ਕੋਈ ਤਬਦੀਲੀ ਹੁੰਦੀ ਹੈ, ਤਾਂ ਮੈਂ ਬੈਂਕ ਨੂੰ ਆਪਣੀ ਅੱਪਡੇਟ ਕੀਤੀ ਜਾਣਕਾਰੀ/ਡੇਟਾ ਵੱਖਰੇ ਫਾਰਮ ਰਾਹੀਂ ਜਾਂ ਬੈਂਕ ਦੁਆਰਾ ਨਿਰਧਾਰਤ ਕੀਤੇ ਕਿਸੇ ਹੋਰ ਤਰੀਕੇ ਨਾਲ ਜਮ੍ਹਾਂ ਕਰਾਉਣ ਦਾ ਵਾਅਦਾ ਕਰਦਾ ਹਾਂ। (ਨਿਯਮ ਅਤੇ ਸ਼ਰਤਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ)

**ਐਲਾਨਨਾਮਾ-ਅਤੇ-ਨਿਯਮ ਅਤੇ ਸ਼ਰਤਾਂ**

ਮੈਂ ਇਸ ਦੁਆਰਾ ਸੱਚਾਈ ਨਾਲ ਹੇਠ ਲਿਖੇ ਅਨੁਸਾਰ ਪੁਸ਼ਟੀ ਕਰਦਾ ਹਾਂ, ਐਲਾਨ ਕਰਦਾ ਹਾਂ, ਦੱਸਦਾ ਹਾਂ, ਅਧਿਕਾਰਤ ਕਰਦਾ ਹਾਂ, ਸੰਕਲਪ ਕਰਦਾ ਹਾਂ ਅਤੇ ਸਹਿਮਤੀ ਦਿੰਦਾ ਹਾਂ:

1) ਇਹ ਐਲਾਨ ਅਤੇ ਨਿਯਮ ਅਤੇ ਸ਼ਰਤਾਂ ("T&C") ਮੇਰੇ ਅਤੇ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਟਿਡ (CIN: L65110KA2016PLC142162) ("ਬੈਂਕ") ਦਰਮਿਆਨ ਇਕਰਾਰਨਾਮੇ ਨੂੰ ਬਣਾਉਂਦੇ ਹਨ।

2) ਕਰਜ਼ੇ ਲਈ ਅਰਜ਼ੀ ਦੇਣ, ਪ੍ਰਾਪਤ ਕਰਨ ਅਤੇ/ਜਾਂ ਵਰਤੋਂ ਜਾਰੀ ਰੱਖਣ (ਕਰਜ਼ੇ ਦੀ ਮਿਆਦ ਵਿੱਚ ਸੀਮਾ ਵਿੱਚ ਕੋਈ ਵਾਧਾ ਜਾਂ ਕਟੌਤੀ, ਜਾਂ ਮੌਜੂਦਾ ਕਰਜ਼ੇ ਦਾ ਰੋਲਓਵਰ ਸ਼ਾਮਲ ਹੋਏਗਾ) ਜੋ ਮਨਜ਼ੂਰੀ ਪੱਤਰ/ਅੱਗੇ ਜਾਰੀ ਕੀਤੇ ਜਾਣ ਵਾਲੇ ਸੰਚਾਰ ਵਿੱਚ ਦੱਸੇ ਗਏ ਕੁੱਲ ਤੋਂ ਵੱਧ ਨਹੀਂ ਹੋਏਗਾ, ਦੁਆਰਾ ਮੈਂ ਸਹਿਮਤ ਹਾਂ ਕਿ ਮੈਂ ਅਤੇ ਮੇਰੇ ਕਾਨੂੰਨੀ ਨੁਮਾਇੰਦੇ, ਕਾਰਜਕਾਰੀ, ਪ੍ਰਸ਼ਾਸਕ, ਅਤੇ ਉੱਤਰਾਧਿਕਾਰੀ, ਕਰਜ਼ੇ ਨੂੰ ਸ਼ਾਸਿਤ ਕਰਨ ਵਾਲੇ ਨਿਯਮ ਅਤੇ ਸ਼ਰਤਾਂ ਅਤੇ ਖਰਚਿਆਂ ਦੀ ਪਾਲਣਾ ਕਰਨ ਦੇ ਪਾਬੰਦ ਹੋਵਾਂਗੇ, ਜਿਸ ਵਿੱਚ ਬੈਂਕ ਦੁਆਰਾ ਸਮੇਂ-ਸਮੇਂ 'ਤੇ ਬੈਂਕ ਦੀ ਅਧਿਕਾਰਤ ਵੈਬਸਾਈਟ (www.ujjivansfb.in) ("ਵੈਬਸਾਈਟ") ਅਤੇ/ਜਾਂ ਕਿਸੇ ਬ੍ਰਾਂਚ 'ਤੇ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਸਾਰੇ ਬਦਲਾਅ, ਤਰਮੀਮਾਂ ਜਾਂ ਸੋਧਾਂ ਸ਼ਾਮਲ ਹਨ।

3) ਮੈਂ ਜਾਣਦਾ ਹਾਂ ਅਤੇ ਸਵੀਕਾਰ ਕਰਦਾ ਹਾਂ ਕਿ ਕਰਜ਼ੇ ਦੀ ਮਨਜ਼ੂਰੀ ਬੈਂਕ ਦੇ ਵਿਵੇਕ 'ਤੇ ਨਿਰਭਰ ਕਰਦੀ ਹੈ, ਇਸ ਲਈ ਬੈਂਕ ਬਿਨਾਂ ਕੋਈ ਕਾਰਨ ਦੱਸੇ ਕਰਜ਼ੇ ਦੀ ਅਰਜ਼ੀ ਨੂੰ ਰੱਦ ਕਰ ਸਕਦਾ ਹੈ, ਅਤੇ ਬੈਂਕ ਮੇਰੀਆਂ ਅੱਗੇ ਦੀਆਂ ਕ੍ਰੈਡਿਟ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਨਹੀਂ ਹੈ।

4) ਮੈਂ ਆਪਣੀ ਮਲਕੀਅਤ ਵਾਲੇ ਸੋਨੇ ਦੇ ਗਹਿਣਿਆਂ ("ਗੋਲਡ ਸਿਕਯੋਰਿਟੀ") ਨੂੰ ਗਿਰਵੀ ਰੱਖ ਕੇ, ਲਾਗੂ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਰਦੇ ਹੋਏ, ਮਨਜ਼ੂਰੀ ਦੇ ਬਾਅਦ ਕਰਜ਼ਾ ਉਧਾਰ ਲਵਾਂਗਾ। ਮੈਂ ਬੈਂਕ ਨੂੰ ਗੋਲਡ ਸਿਕਯੋਰਿਟੀ ਦੇ ਮੁੱਲ, ਗੁਣਵਤਾ ਅਤੇ ਸ਼ੁੱਧਤਾ ("ਮੁਲਾਂਕਣ ਰਿਪੋਰਟ") ਦੇ ਸੰਬੰਧ ਵਿੱਚ ਆਪਣੀ ਲਾਗਤ 'ਤੇ ਕਿਸੇ ਵੀ ਮਾਹਿਰ (ਮਾਹਿਰਾਂ) ਜਾਂ ਮੁਲਾਂਕਣਕਰਤਾ (ਵਾਂ) ਜਾਂ ਪਰਖਕਰਤਾ(ਵਾਂ) ਦੀ ਸਲਾਹ 'ਤੇ, ਸੇਵਾਵਾਂ ਦੀ ਵਰਤੋਂ ਕਰਨ ਅਤੇ ਉਹਨਾਂ ਦੀ ਸਲਾਹ 'ਤੇ ਭਰੋਸਾ ਕਰਨ ਲਈ ਅਤੇ ਕਰਜ਼ੇ ਦੀ ਰਕਮ 'ਤੇ ਪਹੁੰਚਣ ਲਈ, ਜੋ ਮੇਰੇ ਲਈ ਅੰਤਿਮ ਅਤੇ ਮੰਨਣਯੋਗ ਹੋਏਗੀ, ਅਧਿਕਾਰਤ ਕਰਦਾ ਹਾਂ। ਨਿਸ਼ਚਿਤ ਸੀਮਾ ਤੋਂ ਉੱਪਰ ਦੇ ਕਰਜ਼ਿਆਂ ਦੇ ਸੰਬੰਧ ਵਿੱਚ ਬੈਂਕ ਨੂੰ ਇੱਕ ਤੋਂ ਵੱਧ ਮਾਹਿਰ ਜਾਂ ਮੁਲਾਂਕਣਕਰਤਾ ਜਾਂ ਪਰਖਕਰਤਾ ਤੋਂ ਮੁੱਲ ਨਿਰਧਾਰਨ ਰਿਪੋਰਟ ਪ੍ਰਾਪਤ ਕਰਨ ਦੀ ਇਜਾਜ਼ਤ ਹੈ।

5) ਮੈਂ ਕਰਜ਼ੇ ਦੀ ਪੂਰੀ ਮਿਆਦ ਦੌਰਾਨ ਬੈਂਕ ਕੋਲ ਰੱਖੇ ਜਾਣ ਵਾਲੇ ਸੀਲਬੰਦ ਪੈਕੇਟ ਵਿੱਚ ਗੋਲਡ ਸਿਕਯੋਰਿਟੀ ਨੂੰ ਜਮ੍ਹਾਂ ਕਰਾ ਕੇ ਬੈਂਕ ਦੇ ਹੱਕ ਵਿੱਚ ਗਿਰਵੀ ਰੱਖ ਕੇ ਇਸ ਉੱਪਰ ਪਹਿਲਾ ਅਤੇ ਵਿਸ਼ੇਸ਼ ਚਾਰਜ ਬਣਾਵਾਂਗਾ। ਗੋਲਡ ਸਿਕਯੋਰਿਟੀ ਹੋਰ ਸਾਰੇ ਪੈਸਿਆਂ ਲਈ ਵੀ ਸੁਰੱਖਿਆ ਹੋਏਗੀ ਜੋ ਮੇਰੇ ਦੁਆਰਾ ਕਿਸੇ ਵੀ ਖਾਤੇ 'ਤੇ, ਭਾਵੇਂ ਵਰਤਮਾਨ ਜਾਂ ਭਵਿੱਖ ਵਿੱਚ, ਬੈਂਕ ਨੂੰ ਬਕਾਇਆ ਅਤੇ ਭੁਗਤਾਨ ਯੋਗ ਹੋ ਸਕਦਾ ਹੈ, , ਜਿਸ ਵਿੱਚ ਕਰਜ਼ਾ ਲੈਣ ਵਾਲੇ ਜਾਂ ਜ਼ਮਾਨਤੀ ਜਾਂ ਸਹਿ-ਦੇਣਦਾਰ ਵਜੋਂ ਬੈਂਕ ਪ੍ਰਤੀ ਮੇਰੀ ਕੋਈ ਹੋਰ ਦੇਣਦਾਰੀ ਵੀ ਸ਼ਾਮਲ ਹੈ ( ਜਾਂ ਤਾਂ ਸਾਂਝੇ ਤੌਰ 'ਤੇ ਜਾਂ ਕਿਸੇ ਹੋਰ ਵਿਅਕਤੀ ਨਾਲ ਵੱਖਰੇ ਤੌਰ 'ਤੇ) ਬੈਂਕ ਨੂੰ ਗੋਲਡ ਸਿਕਯੋਰਿਟੀ ਉੱਤੇ ਕਿਸੇ ਵੀ ਵਿਅਕਤੀ ਦੁਆਰਾ ਦਾਅਵਾ ਕੀਤੇ ਗਏ ਕਿਸੇ ਵੀ ਚਾਰਜ ਜਾਂ ਗ੍ਰਹਿਣ ਅਧਿਕਾਰ ਜਾਂ ਬੋਝ ਨੂੰ ਮਾਨਤਾ ਦੇਣ ਦੀ ਲੋੜ ਨਹੀਂ ਹੈ। ਬੈਂਕ ਦੁਆਰਾ ਗੋਲਡ ਸਿਕਯੋਰਿਟੀ ਨੂੰ ਸਿਰਫ਼ ਸਵੀਕਾਰ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਬੈਂਕ ਨੇ ਇਸਦੀ ਸ਼ੁੱਧਤਾ ਜਾਂ ਸਰੋਤ ਜਾਂ ਮਲਕੀਅਤ ਦੀ ਪੁਸ਼ਟੀ ਕੀਤੀ ਹੈ ਜਾਂ ਉਸ ਨੂੰ ਸਵੀਕਾਰ ਕੀਤਾ ਹੈ। ਮੈਂ ਬੈਂਕ ਨੂੰ ਮੇਰੇ ਦੁਆਰਾ ਬਕਾਇਆ ਸਾਰੇ ਬਕਾਏ ਦਾ ਭੁਗਤਾਨ ਕੀਤੇ ਬਿਨਾਂ ਗੋਲਡ ਸਿਕਯੋਰਿਟੀ ਜਾਰੀ ਕਰਨ ਦੀ ਮੰਗ ਨਹੀਂ ਕਰਾਂਗਾ। ਮੈਂ ਜਾਣਦਾ ਹਾਂ ਕਿ ਮੈਂ ਗੋਲਡ ਸਿਕਯੋਰਿਟੀ ਦਾ ਹਿੱਸਾ ਜਾਰੀ ਕਰਨ ਦੀ ਮੰਗ ਕਰਨ ਹੱਕਦਾਰ ਨਹੀਂ ਹਾਂ।

6) ਮੈਂ ਸਿਰਫ਼ ਇਸਲਈ ਕੋਈ ਇਤਰਾਜ਼ ਨਹੀਂ ਉਠਾਵਾਂਗਾ ਜਾਂ ਆਪਣੀਆਂ ਕਿਸੇ ਵੀ ਜ਼ਿੰਮੇਵਾਰੀਆਂ ਤੋਂ ਮੁਕਤੀ ਦਾ ਦਾਅਵਾ ਨਹੀਂ ਕਰਾਂਗਾ ਕਿ ਕਿਉਂਕਿ ਵੰਡੇ ਗਏ ਕਰਜ਼ੇ ਦੀ ਰਕਮ ਲਈ ਅਰਜ਼ੀ ਦਿੱਤੀ ਗਈ ਰਕਮ ਤੋਂ ਘੱਟ ਹੈ। ਬੈਂਕ ਨੂੰ ਮਨਜ਼ੂਰੀ ਦੇ ਬਾਵਜੂਦ ਕਰਜ਼ੇ ਦੀ ਵੰਡ ਕਰਨ ਦੀ ਲੋੜ ਨਹੀਂ ਹੈ, ਅਤੇ/ਜਾਂ ਇਹ ਵੰਡ 'ਤੇ ਪਾਬੰਦੀ ਲਾ ਸਕਦਾ ਹੈ ਜਦੋਂ ਤੱਕ ਕਿ ਮੈਂ ਲਾਗੂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ। ਕਰਜ਼ਾ ਖਾਤਾ ਕ੍ਰੈਡਿਟ ਦੁਆਰਾ ਜਾਂ ਬੈਂਕ ਦੇ ਵਿਵੇਕ ਅਨੁਸਾਰ ਅਜਿਹੇ ਹੋਰ ਮਨਜ਼ੂਰ ਤਰੀਕੇ ਦੁਆਰਾ ਵੰਡਿਆ ਜਾ ਸਕਦਾ ਹੈ।

7) ਮੈਂ ਕਰਜ਼ੇ ਦੀ ਵਰਤੋਂ ਸਿਰਫ਼ ਉਸੇ ਉਦੇਸ਼ ਲਈ ਕਰਾਂਗਾ ਜਿਸ ਲਈ ਇਹ ਅਰਜ਼ੀ ਦਿੱਤੀ ਗਈ ਹੈ। ਜੇਕਰ ਕਰਜ਼ਾ ਖੇਤੀਬਾੜੀ ਜਾਂ ਸੰਬੰਧਤ ਉਦੇਸ਼ਾਂ ਲਈ ਲਿਆ ਗਿਆ ਹੈ, ਤਾਂ ਮੈਂ ਇਸ ਗੱਲ ਦਾ ਸਬੂਤ ਦੇਣ ਲਈ ਕਿ ਮੈਂ ਖੇਤੀਬਾੜੀ ਅਤੇ/ਜਾਂ ਸਹਾਇਕ ਗਤੀਵਿਧੀਆਂ ਕਰਦਾ ਹਾਂ, ਬੈਂਕ ਦੁਆਰਾ ਨਿਰਧਾਰਤ ਸਹਾਇਕ ਦਸਤਾਵੇਜ਼ਾਂ ਨੂੰ ਬੈਂਕ ਕੋਲ ਜਮ੍ਹਾਂ ਕਰਾਵਾਂਗਾ ।

8) ਜੇਕਰ ਮੈਂ ਮੌਜੂਦਾ ਕਰਜ਼ੇ ਦੀ ਸੀਮਾ ਵਿੱਚ ਵਾਧਾ ਜਾਂ ਕਟੌਤੀ ਜਾਂ ਰੋਲਓਵਰ ਚਾਹੁੰਦਾ ਹਾਂ, ਤਾਂ ਮੌਜੂਦਾ ਕਰਜ਼ੇ ਤਹਿਤ ਬਕਾਇਆ (ਜੇ ਕੋਈ ਹੈ) ਮੇਰੇ ਦੁਆਰਾ ਮੇਰੇ ਆਪਣੇ ਧਨ ਜਾਂ ਆਪਣੇ ਸਰੋਤਾਂ ਵਿੱਚੋਂ ਵਾਪਸ ਕੀਤਾ ਜਾਏਗਾ।

9) ਜੇਕਰ ਬੈਂਕ ਮੌਜੂਦਾ ਕਰਜ਼ੇ ਦੀ ਸੀਮਾ ਵਿੱਚ ਵਾਧਾ ਜਾਂ ਕਟੌਤੀ, ਜਾਂ ਰੋਲਓਵਰ ਦੇਣ ਲਈ ਸਹਿਮਤ ਹੁੰਦਾ ਹੈ, ਤਾਂ ਮੈਂ ਸਮੇਂ-ਸਮੇਂ 'ਤੇ ਤਰਮੀਮ ਕੀਤੇ, ਮੁੜ ਦੱਸੇ ਗਏ, ਜ਼ਿਮਨੀ ਅਤੇ/ਜਾਂ ਸੋਧੇ ਹੋਏ ਨਿਯਮ ਅਤੇ ਸ਼ਰਤਾਂ ਅਧੀਨ ਕਰਜ਼ੇ ਦੀ ਮੁੜ ਅਦਾਇਗੀ ਕਰਾਂਗਾ/ਵਾਪਿਸ ਕਰਾਂਗਾ। ਨਾਲ ਹੀ, ਗੋਲਡ ਸਿਕਯੋਰਿਟੀ ਕਰਜ਼ੇ ਲਈ ਸੁਰੱਖਿਆ/ਨਿਰੰਤਰ ਸੁਰੱਖਿਆ ਦੇ ਤੌਰ 'ਤੇ ਸੀਮਾ ਵਿੱਚ ਵਾਧੇ ਜਾਂ ਕਮੀ ਜਾਂ ਰੋਲ ਓਵਰ ਦੇ ਰੂਪ ਵਿੱਚ ਰਹੇਗੀ (ਅਤੇ ਰਹੇਗੀ)।

10) ਬੈਂਕ, ਮਨਜ਼ੂਰੀ ਪੱਤਰ ਜਾਰੀ ਕਰਨ ਤੋਂ ਬਾਅਦ ਕਿਸੇ ਵੀ ਪੜਾਅ 'ਤੇ, ਆਪਣੇ ਵਿਵੇਕ ਨਾਲ (ਬਿਨਾਂ ਕੋਈ ਕਾਰਨ ਦੱਸੇ) ਕਰਜ਼ੇ ਨੂੰ ਵਾਪਸ ਲੈ ਸਕਦਾ ਹੈ ਅਤੇ/ਜਾਂ ਕਰਜ਼ੇ ਨੂੰ (ਪੂਰੇ ਜਾਂ ਅੰਸ਼ਕ ਰੂਪ ਵਿੱਚ) ਰੱਦ ਕਰ ਸਕਦਾ ਹੈ।

11) (i) ਕਰਜ਼ੇ ਦੀ ਅਦਾਇਗੀ, ਵਿਆਜ ਅਤੇ ਖਰਚਿਆਂ/ਲਾਗਤ ਨਾਲ ਮਨਜ਼ੂਰੀ ਪੱਤਰ ਵਿੱਚ ਦੱਸੀਆਂ ਸ਼ਰਤਾਂ ਅਨੁਸਾਰ ਨਿਯਤ ਤਾਰੀਖ (ਤਾਰੀਖਾਂ) 'ਤੇ ਕੀਤੀ ਜਾਏਗੀ। (ii) ਜੇਕਰ ਮੁੜ-ਭੁਗਤਾਨ ਦੀ ਕੋਈ ਨਿਯਤ ਤਾਰੀਖ ਕਿਸੇ ਜਨਤਕ ਛੁੱਟੀ (ਅਰਥਾਤ, ਦੂਜਾ ਸ਼ਨੀਚਰਵਾਰ, ਚੌਥਾ ਸ਼ਨੀਚਰਵਾਰ, ਐਤਵਾਰ ਜਾਂ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 (1881 ਦਾ 26) ਦੀ ਧਾਰਾ 25 ਦੇ ਉਦੇਸ਼ ਲਈ ਜਨਤਕ ਛੁੱਟੀ 'ਤੇ ਆਉਂਦੀ ਹੈ, ਅਤੇ ਉਹ ਦਿਨ ਜਿਸ 'ਤੇ ਬੈਂਕ ਕਾਰੋਬਾਰ ਲਈ ਸੰਬੰਧਤ ਕਲੀਅਰਿੰਗ ਹਾਊਸ ਵਿੱਚ ਜਾਂ ਬੈਂਕ ਦੇ ਕਾਰੋਬਾਰ ਦੀ ਜਗ੍ਹਾ 'ਤੇ ਜਿੱਥੇ ਕਰਜ਼ਾ ਖਾਤਾ ਰੱਖਿਆ ਗਿਆ ਹੈ, ਖੁੱਲ੍ਹੇ ਨਹੀਂ ਹਨ) ਮੁੜ ਅਦਾਇਗੀ ਅਗਲੇ ਕਾਰੋਬਾਰੀ ਦਿਨ (ਅਰਥਾਤ, ਜਨਤਕ ਛੁੱਟੀ ਤੋਂ ਇਲਾਵਾ ਕਿਸੇ ਹੋਰ ਦਿਨ ਜਿਸ 'ਤੇ ਬੈਂਕ ਅਤੇ ਬੈਂਕ ਉਸ ਸਥਾਨ 'ਤੇ ਕਾਰੋਬਾਰ ਲਈ ਖੁੱਲ੍ਹੇ ਹਨ ਜਿੱਥੇ ਕਰਜ਼ਾ ਖਾਤਾ ਰੱਖਿਆ ਗਿਆ ਹੈ) 'ਤੇ ਕੀਤੀ ਜਾਏਗੀ। (iii) ਮੈਂ ਬੈਂਕ ਨੂੰ ਸਿਰਫ਼ ਵਸੂਲੀ ਤੋਂ ਬਾਅਦ ਭੁਗਤਾਨ ਲਈ ਕ੍ਰੈਡਿਟ ਦੇਣ ਲਈ ਅਧਿਕਾਰਤ ਕਰਦਾ ਹਾਂ (ਭਾਵੇਂ ਇਹ ਕਿਸੇ ਵੀ ਤਰੀਕੇ ਨਾਲ ਪ੍ਰਾਪਤ ਕੀਤਾ ਹੋਇਆ ਹੋਏ),ਅਤੇ ਅਜਿਹੀ ਵਸੂਲੀ ਤੋਂ ਬਾਅਦ ਹੋਣ ਵਾਲੀ ਨਿਯਤ ਤਾਰੀਖ 'ਤੇ, ਮੈਂ ਬੈਂਕ ਨੂੰ ਕਿਸੇ ਵੀ ਨਤੀਜੇ ਵਜੋਂ ਹੋਏ ਨੁਕਸਾਨ ਲਈ ਹਰਜਾਨਾ ਦੇਵਾਂਗਾ।

12) ਮੈਂ ਜਾਣਦਾ ਹਾਂ ਅਤੇ ਸਵੀਕਾਰ ਕਰਦਾ ਹਾਂ ਕਿ ਕਰਜ਼ੇ 'ਤੇ ਭੁਗਤਾਨ ਯੋਗ ਵਿਆਜ ਦੀ ਗਣਨਾ ਬੈਂਕ ਦੀ ਪ੍ਰਚਲਿਤ ਨੀਤੀ ਦੇ ਅਨੁਸਾਰ ਕੀਤੀ ਜਾਏਗੀ, ਅਤੇ ਅਸਲ ਵਿਆਜ ਦਰ ਫੰਡ-ਆਧਾਰਤ ਉਧਾਰ ਦਰ ("MCLR") ਦੀ ਸੀਮਾਂਤ ਲਾਗਤ ਦਾ ਇੱਕ ਅੰਸ਼ ਹੋਏਗੀ ਜਾਂ ਬਾਹਰੀ ਬੈਂਚਮਾਰਕ ਉਧਾਰ ਦਰ ("EBLR"), ਜਿਵੇਂ ਕਿ ਬੈਂਕ ਦੁਆਰਾ ਤੈਅ ਕੀਤਾ ਗਿਆ ਹੈ, ਨਾਲ ਹੀ ਇੱਕ ਲਾਗੂ ਪਸਾਰ (ਅਰਥਾਤ, ਹਰੇਕ ਉਧਾਰ ਲੈਣ ਵਾਲੇ ਦੇ ਜੋਖਮ ਭਾਰ ਦੇ ਅਧਾਰ 'ਤੇ, ਬੈਂਕ ਦੁਆਰਾ ਨਿਰਧਾਰਤ ਦਿਸ਼ਾ-ਨਿਰਦੇਸ਼ਾਂ/ਨੀਤੀਆਂ ਅਨੁਸਾਰ ਬੈਂਕ ਦੁਆਰਾ ਕੀਤਾ ਗਿਆ ਪਸਾਰ, ਅਤੇ ਹੋ ਸਕਦਾ ਹੈ ਕਿ ਪਸਾਰ ਸਾਰੇ ਉਧਾਰ ਲੈਣ ਵਾਲਿਆਂ ਲਈ ਇਕਸਾਰ ਨਾ ਹੋਏ) ਅਤੇ ਅਸਲ ਵਿਆਜ ਦਰ MCLR ਜਾਂ EBLR ਵਿੱਚ ਪਸਾਰ ਦੇ ਭਾਗਾਂ ਨੂੰ ਜੋੜ ਕੇ ਨਿਰਧਾਰਤ ਕੀਤੀ ਜਾਂਦੀ ਹੈ।

13) ਜੇਕਰ ਮੈਂ ਕਰਜ਼ੇ ਤਹਿਤ ਬਕਾਏ ਦੀ ਅਦਾਇਗੀ ਵਿੱਚ ਡਿਫਾਲਟ ਜਾਂ ਦੇਰੀ ਕਰਦਾ ਹਾਂ, ਤਾਂ ਮੈਂ ਦੇਰੀ ਨਾਲ ਭੁਗਤਾਨ ਕਰਨ ਦੇ ਖਰਚੇ/ਜੁਰਮਾਨੇ ਅਤੇ ਬੈਂਕ ਦੁਆਰਾ ਨਿਰਧਾਰਤ ਕੀਤੇ ਗਏ ਅਜਿਹੇ ਹੋਰ ਚਾਰਜਿਜ਼ ਦਾ ਭੁਗਤਾਨ ਕਰਾਂਗਾ। ਗੈਰ-ਵਾਪਸੀਯੋਗ ਪ੍ਰੋਸੈਸਿੰਗ ਫੀਸ ਦਾ ਭੁਗਤਾਨ ਕੀਤਾ ਜਾਏਗਾ, ਭਾਵੇਂ ਮੈਂ ਕਰਜ਼ਾ ਨਾ ਲੈਣ ਦਾ ਵਿਕਲਪ ਚੁਣਾਂ। ਮੈਂ ਲਾਗੂ ਹੋਣ ਵਾਲੇ ਕਾਗਜ਼ੀ ਕਾਰਵਾਈ ਦੇ  ਖਰਚੇ, ਸਟੈਂਪ ਡਿਊਟੀ, ਚੈੱਕ/ਏਸੀਐਚ/ਐਸਆਈ ਰਿਟਰਨ ਖਰਚੇ, ਅਤੇ ਮਨਜ਼ੂਰੀ ਪੱਤਰ ਵਿੱਚ ਦਰਸਾਏ ਅਜਿਹੇ ਸਾਰੇ ਖਰਚੇ ਵੀ ਅਦਾ ਕਰਾਂਗਾ। ਮੈਂ ਗੋਲਡ ਸਿਕਯੋਰਿਟੀ ਦੇ ਮੁੱਲ ਵਿੱਚ ਗਿਰਾਵਟ ਕਾਰਨ ਮਾਰਜਿਨ/ਕਰਜ਼ੇ ਤੋਂ ਕੀਮਤ ਅਨੁਪਾਤ ਵਿੱਚ ਕਿਸੇ ਵੀ ਕਮੀ ਨੂੰ ਘੱਟ ਕਰਨ ਲਈ ਬੈਂਕ ਨੂੰ ਮੇਰੇ ਕਿਸੇ ਵੀ ਖਾਤੇ(ਖਾਤਿਆਂ) ਤੋਂ ਡੇਬਿਟ ਕਰਨ ਲਈ ਅਧਿਕਾਰਤ ਕਰਦਾ ਹਾਂ।

14) ਜੇਕਰ ਬੈਂਕ ਮੈਨੂੰ ਗੋਲਡ ਸਿਕਯੋਰਿਟੀ ਨੂੰ ਸਵੀਕਾਰ ਕਰਨ ਵਾਲੀ ਕੋਈ ਰਸੀਦ ਜਾਰੀ ਕਰਦਾ ਹੈ, ਅਤੇ ਰਸੀਦ ਜਾਰੀ ਹੋਣ ਤੋਂ ਬਾਅਦ ਗੁੰਮ ਹੋ ਜਾਂਦੀ ਹੈ/ਵਰਤੋਂ ਲਈ ਅਯੋਗ ਪਾਈ ਜਾਂਦੀ ਹੈ, ਤਾਂ ਬੈਂਕ ਡੁਪਲੀਕੇਟ ਰਸੀਦ ਜਾਰੀ ਕਰਨ ਜਾਂ ਗੋਲਡ ਸਿਕਯੋਰਿਟੀ ਨੂੰ ਜਾਰੀ ਕਰਨ ਲਈ ਜ਼ਿੰਮੇਵਾਰ ਨਹੀਂ ਹੈ ਜਦੋਂ ਤੱਕ ਮੈਂ ਲੋੜੀਂਦੇ ਮੁਆਵਜ਼ੇ/ਹੋਰ ਦਸਤਾਵੇਜ਼ਾਂ ਨੂੰ ਪੇਸ਼  ਕਰਨ ਤੋਂ ਇਲਾਵਾ ਬੈਂਕ ਦੁਆਰਾ ਨਿਰਧਾਰਤ ਅਜਿਹੇ ਚਾਰਜਿਜ਼ ਦਾ ਭੁਗਤਾਨ ਨਹੀਂ ਕਰਦਾ।

15) ਮੈਂ ਜਾਣਦਾ ਹਾਂ ਕਿ ਅੰਸ਼ਕ ਭੁਗਤਾਨ ਅਤੇ/ਜਾਂ ਪ੍ਰੀ-ਕਲੋਜ਼ਰ ਦੀ ਸਵੀਕ੍ਰਿਤੀ ਬੈਂਕ ਦੇ ਪੂਰਣ ਵਿਵੇਕ ‘ਤੇ ਛੱਡ ਦਿੱਤੀ ਗਈ ਹੈ, ਅਤੇ ਮੈਂ ਸਮੇਂ-ਸਮੇਂ 'ਤੇ ਬੈਂਕ ਦੁਆਰਾ ਨਿਰਧਾਰਤ ਵਾਧੂ ਨਿਯਮ ਅਤੇ ਸ਼ਰਤਾਂ ਨਾਲ ਵੀ ਪਾਬੰਦ ਹੋਵਾਂਗਾ।

16) ਮੈਂ ਨਿਰੰਤਰ ਅਧਾਰ ‘ਤੇ ਪ੍ਰਤੀਨਿਧਤਾ ਕਰਦਾ ਹਾਂ ਅਤੇ ਭਰੋਸਾ ਦਿੰਦਾ ਹਾਂ ਕਿ: (i) ਮੈਂ ਕਰਜ਼ੇ ਦੀ ਪੂਰੀ ਮਿਆਦ ਦੌਰਾਨ ਮਾਰਜਿਨ/ਲੋਨ ਟੂ ਵੈਲਯੂ ਅਨੁਪਾਤ ਨੂੰ ਬਰਕਰਾਰ ਰੱਖਾਂਗਾ, ਜੋ ਬੈਂਕ ਦੁਆਰਾ ਨਿਰਧਾਰਤ ਕੀਤਾ ਜਾ ਸਕਦਾ ਹੈ, ਅਤੇ ਜੇਕਰ ਕੋਈ ਮੁੱਲ ਵਿੱਚ ਗਿਰਾਵਟ ਹੈ ਤਾਂ ਮੈਂ ਬੈਂਕ ਦੀ ਸੰਤੁਸ਼ਟੀ ਲਈ ਵਾਧੂ ਸਿਕਯੋਰਿਟੀ ਪੇਸ਼ ਕਰਾਂਗਾ ਜਾਂ ਬੈਂਕ ਦੁਆਰਾ ਜਾਰੀ ਅਜਿਹੀ ਸਲਾਹ ਦੀ ਪਾਲਣਾ ਕਰਾਂਗਾ। (2) ਮੈਂ ਭਾਰਤ ਦਾ ਨਾਗਰਿਕ ਹਾਂ, (3) ਮੈਂ ਕਰਜ਼ੇ ਦੇ ਅਧੀਨ ਜ਼ਿੰਮੇਵਾਰੀਆਂ ਦੀ ਕਾਰਗੁਜ਼ਾਰੀ ਅਤੇ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਾਰੇ ਕੰਮ ਕੀਤੇ ਹਨ ਅਤੇ ਮੇਰੇ ਕੋਲ ਸਾਰੇ ਅਖਤਿਆਰ ਹਨ, (4) ਮੇਰੇ ਜਾਂ ਮੇਰੀ ਸੰਪਤੀ ਦੇ ਵਿਰੁੱਧ ਕੋਈ ਦੀਵਾਨੀ ਜਾਂ ਫ਼ੌਜਦਾਰੀ ਕਾਰਵਾਈ (ਦੀਵਾਲੀਆ ਦੀ ਕਾਰਵਾਈ ਸਮੇਤ ਪਰ ਇਸ ਤਕ ਸੀਮਿਤ ਨਹੀਂ) ਨਹੀਂ ਕੀਤੀ ਗਈ ਹੈ ਜਾਂ ਸ਼ੁਰੂ ਨਹੀਂ ਕੀਤੀ ਗਈ ਹੈ ਜਾਂ ਵਿਚਾਰ ਗੋਚਰੇ ਨਹੀਂ ਹੈ ਜਾਂ ਧਮਕੀ ਨਹੀਂ ਦਿੱਤੀ ਗਈ ਹੈ, (5) ਲਿਖਤੀ ਰੂਪ ਵਿੱਚ ਦੱਸੀ ਗਈ ਹੱਦ ਨੂੰ ਛੱਡ ਕੇ, ਮੈਂ ਬੈਂਕ ਜਾਂ ਕਿਸੇ ਹੋਰ ਬੈਂਕ ਦਾ ਡਾਇਰੈਕਟਰ ਜਾਂ ਡਾਇਰੈਕਟਰ ਦਾ ਰਿਸ਼ਤੇਦਾਰ ਜਾਂ ਸੀਨੀਅਰ ਅਧਿਕਾਰੀ ਜਾਂ ਬੈਂਕ ਦੇ ਕਿਸੇ ਸੀਨੀਅਰ ਅਧਿਕਾਰੀ ਦਾ ਰਿਸ਼ਤੇਦਾਰ ਨਹੀਂ ਹਾਂ ਅਤੇ ਨਾ ਹੀ ਬੈਂਕ ਦੇ ਕਿਸੇ ਡਾਇਰੈਕਟਰ ਜਾਂ ਮੁਲਾਜ਼ਮ ਜਾਂ ਸੀਨੀਅਰ ਅਧਿਕਾਰੀ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦਾ ਮੇਰੇ ਦੁਆਰਾ ਕੀਤੀਆਂ ਗਤੀਵਿਧੀਆਂ ਵਿੱਚ ਕੋਈ ਖਾਸ ਹਿੱਤ ਹੈ। ਨਾਲ ਹੀ, ਮੈਂ ਬੈਂਕ/ਹੋਰ ਬੈਂਕਾਂ ਦੁਆਰਾ ਸਥਾਪਤ ਮਿਉਚੁਅਲ ਫੰਡਾਂ/ਉਦਮ ਪੂੰਜੀ ਫੰਡਾਂ ਦੀਆਂ ਸਹਾਇਕ ਕੰਪਨੀਆਂ/ਟਰੱਸਟੀਜ਼ ਦੇ ਡਾਇਰੈਕਟਰ ਦਾ ਰਿਸ਼ਤੇਦਾਰ ਨਹੀਂ ਹਾਂ, (6) ਮੈਂ ਡਿਫਾਲਟਰ/ਜਾਣ-ਬੁੱਝ ਕੇ ਡਿਫਾਲਟਰ ਨਹੀਂ ਹਾਂ ਜਾਂ ਡਿਫਾਲਟਰ/ਜਾਣ-ਬੁੱਝ ਕੇ ਡਿਫਾਲਟਰ ਐਲਾਨੇ ਜਾਣ ਲਈ ਕਿਸੇ ਕਾਰਵਾਈ ਦਾ ਸਾਹਮਣਾ ਨਹੀਂ ਕਰ ਰਿਹਾ ਹਾਂ ਅਤੇ ਜੇਕਰ ਕੋਈ ਰਿਣਦਾਤਾ ਮੈਨੂੰ ਜਾਣਬੁੱਝ ਕੇ ਡਿਫਾਲਟਰ ਐਲਾਨਣ ਲਈ ਕੋਈ ਕਾਰਵਾਈ ਸ਼ੁਰੂ ਕਰਦਾ ਹੈ ਜਾਂ ਧਮਕੀ ਦਿੰਦਾ ਹੈ, ਤਾਂ ਬੈਂਕ ਨੂੰ ਮੇਰੇ ਵਿਰੁੱਧ ਉਚਿਤ ਕਾਰਵਾਈ ਕਰਨ ਦਾ ਅਧਿਕਾਰ ਹੋਏਗਾ, (7) ਮੈਂ ਬੈਂਕ ਨੂੰ ਕਰਜ਼ੇ ਦੀ ਅੰਤਮ ਵਰਤੋਂ ਦੇ ਸੰਬੰਧ ਵਿੱਚ ਬੈਂਕ ਦੁਆਰਾ ਨਿਰਧਾਰਤ ਰੂਪ, ਢੰਗ ਅਤੇ ਤਰੀਕੇ ਨਾਲ ਇੱਕ ਪ੍ਰਮਾਣੀਕਰਣ ਜਮ੍ਹਾਂ ਕਰਾਂਗਾ, ਅਤੇ ਜੇਕਰ ਅਜਿਹਾ ਪ੍ਰਮਾਣੀਕਰਨ ਗਲਤ ਪਾਇਆ ਜਾਂਦਾ ਹੈ, ਬੈਂਕ ਨੂੰ ਮੇਰੇ ਵਿਰੁੱਧ ਉਚਿਤ ਉਪਾਅ (ਫ਼ੌਜਦਾਰੀ ਕਾਰਵਾਈ ਸਮੇਤ) ਕਰਨ ਦਾ ਅਧਿਕਾਰ ਹੋਏਗਾ,  (8) ਜਿਸ ਉਦੇਸ਼ ਲਈ ਕਰਜ਼ਾ ਲਿਆ ਗਿਆ ਹੈ ਉਹ ਗੈਰ-ਕਾਨੂੰਨੀ, ਸੱਟੇਬਾਜ਼ੀ  ਜਾਂ ਬੇਈਮਾਨੀ ਵਾਲਾ ਨਹੀਂ ਹੈ, (9) ਜਮ੍ਹਾਂ ਕਰਾਉਣ ਲਈ ਪ੍ਰਸਤਾਵਿਤ ਗੋਲਡ ਸਿਕਯੋਰਿਟੀ ਮੇਰੇ ਦੁਆਰਾ ਅਸਲ ਸਰੋਤਾਂ ਤੋਂ ਪ੍ਰਾਪਤ ਕੀਤੀ ਗਈ ਹੈ ਅਤੇ ਇਹ ਮੇਰੀ ਅਸਲ ਸੰਪਤੀ ਹੈ ਅਤੇ ਇਸ ਉੱਪਰ ਮੇਰੀ ਮਾਲਕੀ ਚੋਰੀ ਜਾਂ ਨੁਕਸਦਾਰ ਹੋਣ ਦਾ ਵਿਸ਼ਾ ਨਹੀਂ ਹੈ /ਕਿਸੇ ਵਿਅਕਤੀ ਦੁਆਰਾ ਕਿਸੇ ਵੀ ਤਰੀਕੇ ਨਾਲ ਇਸ ਨੂੰ ਚੁਣੌਤੀ ਨਹੀਂ ਦਿੱਤੀ ਗਈ ਹੈ ਅਤੇ ਨਾ ਹੀ ਕਿਸੇ ਵਿਅਕਤੀ ਦਾ ਗ੍ਰਹਿਣ ਅਧਿਕਾਰ ਦਾ ਕੋਈ ਦਾਅਵਾ ਹੈ, ਜਾਂ ਇਸਦੇ ਵਿਰੁੱਧ ਕੋਈ ਦੋਸ਼ ਨਹੀਂ ਹੈ, (10) ਗੋਲਡ ਸਿਕਯੋਰਿਟੀ ਕਿਸੇ ਚਲ ਰਹੀ ਪੜਤਾਲ ਜਾਂ ਕਿਸੇ ਪੜਤਾਲ ਦੇ ਖ਼ਤਰੇ ਦਾ ਵਿਸ਼ਾ ਨਹੀਂ ਹੈ।

17) ਹੇਠ ਲਿਖੀਆਂ ਘਟਨਾਵਾਂ ਵਿੱਚੋਂ ਕਿਸੇ ਵੀ ਘਟਨਾ ਦਾ ਹੋਣਾ ਡਿਫਾਲਟ ਦੀ ਘਟਨਾ ਹੋਏਗਾ ("ਡਿਫਾਲਟ ਦੀ ਘਟਨਾ"): (1) ਨਿਯਤ ਤਾਰੀਖ (ਖਾਂ)/ਪਰਿਪੱਕਤਾ ‘ਤੇ ਕਰਜ਼ੇ ਤਹਿਤ ਰਕਮਾਂ ਦਾ ਭੁਗਤਾਨ ਨਾ ਕਰਨਾ, (2) ਨਿਰਧਾਰਤ ਤਾਰੀਖ ਤੋਂ ਪਹਿਲਾਂ ACH/SI ਦਾ ਨਵੀਨੀਕਰਨ ਨਾ ਕਰਨਾ, (3) ਕਿਸੇ ਵੀ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ, (4) ਬੈਂਕ ਨੂੰ ਦਿੱਤੀ ਗਈ ਸੂਚਨਾ/ਜਾਣਕਾਰੀ/ਐਲਾਨਨਾਮੇ ਝੂਠੇ, ਗੁਮਰਾਹ ਕੁਨ ਜਾਂ ਗਲਤ ਪਾਏ ਗਏ ਹਨ, (5)  ਮੇਰੇ ਦੁਆਰਾ ਬੈਂਕ, ਕਿਸੇ ਵੀ ਬੈਂਕ ਅਤੇ/ਜਾਂ ਵਿੱਤੀ ਸੰਸਥਾ, ਅਤੇ/ਜਾਂ ਹੋਰ ਲੈਣਦਾਰਾਂ ਨਾਲ ਕੀਤੇ ਗਏ ਕਿਸੇ ਵੀ ਕ੍ਰੈਡਿਟ ਸਹੂਲਤ ਸਮਝੌਤੇ ਦੇ ਤਹਿਤ ਕੋਈ ਡਿਫਾਲਟ, ਜਾਂ ਤਾਂ ਕਰਜ਼ਾ ਦਸਤਾਵੇਜ਼ਾਂ ਤਹਿਤ ਜਾਂ ਇਸਦੇ ਉਲਟ, (6) ਮੈਨੂੰ ਦੀਵਾਲੀਆ ਜਾਂ ਜਾਣਬੁੱਝ ਕੇ ਡਿਫਾਲਟਰ ਐਲਾਨਣ ਲਈ ਕੋਈ ਵੀ ਕਾਰਵਾਈ ਦੀ ਸ਼ੁਰੂਆਤ ਜਾਂ ਧਮਕੀ ਜਾਂ ਇਸ ਦੇ ਤਹਿਤ ਮੇਰੇ ਵਿਰੁੱਧ ਪਾਸ ਕੀਤਾ ਕੋਈ ਆਦੇਸ਼, (7) ਮੇਰੀ ਮੌਤ, ਦੀਵਾਲੀਆ, ਕਾਰੋਬਾਰ ਵਿੱਚ ਅਸਫਲਤਾ ਜਾਂ ਦੀਵਾਲੀਆਪਨ ਦੀ ਕਿਸੇ ਕਾਰਵਾਈ ਦੀ ਸ਼ੁਰੂਆਤ, (8) ਮੇਰੇ ਜਾਂ ਗੋਲਡ ਸਿਕਯੋਰਿਟੀ ਦੇ ਵਿਰੁੱਧ ਕੋਈ ਵੀ ਜ਼ਬਤੀ, ਬਿਪਤਾ, ਅਮਲ, ਜਾਂ ਹੋਰ ਪ੍ਰਕਿਰਿਆ, (9) ਬੈਂਕ ਦੀ ਅਗਾਊਂ ਸਹਿਮਤੀ ਤੋਂ ਬਿਨਾਂ ਗੋਲਡ ਸਿਕਯੋਰਿਟੀ ਉੱਤੇ ਕੋਈ ਵੀ ਬੋਝ ਜਾਂ ਚਾਰਜ ਜਾਂ ਗ੍ਰਹਿਣ ਅਧਿਕਾਰ ਬਣਾਉਣ ਦੀ ਕੋਈ ਘਟਨਾ ਜਾਂ ਕੋਸ਼ਿਸ਼, (10) ਗੋਲਡ ਸਿਕਯੋਰਿਟੀ ਦੇ ਮੁੱਲ ਵਿੱਚ ਗਿਰਾਵਟ, (11) ਸ਼ੱਕੀ ਧੋਖਾ ਧੜੀ ਦਾ ਪਤਾ ਲੱਗਣਾ, ਗੋਲਡ ਸਿਕਯੋਰਿਟੀ ਦੀ ਸ਼ੁੱਧਤਾ ਜਾਂ ਮਾਲਕੀ ਬਾਰੇ ਸ਼ੱਕ, ਜਾਂ (12) ਕਿਸੇ ਵੀ ਅਜਿਹੇ ਹਾਲਾਤ ਦੀ ਹੋਂਦ, ਜੋ ਬੈਂਕ ਦੀ ਰਾਏ ਅਨੁਸਾਰ, ਬੈਂਕ ਦੇ ਹਿੱਤ ਨੂੰ ਖ਼ਤਰੇ ਵਿੱਚ ਪਾਉਂਦੀ ਹੈ। ਉਪਰੋਕਤ ਵਿੱਚੋਂ ਕਿਸੇ ਵੀ ਘਟਨਾ ਦੇ ਵਾਪਰਨ ਦੇ ਸੰਬੰਧ ਵਿੱਚ ਫੈਸਲਾ ਲੈਣ ਦਾ ਇੱਕ ਮਾਤਰ ਅਧਿਕਾਰ ਬੈਂਕ ਦਾ ਹੋਏਗਾ ਅਤੇ ਮੈਂ ਬੈਂਕ ਦੀ ਰਾਏ/ਫੈਸਲੇ ਲਈ ਪਾਬੰਦ ਹੋਵਾਂਗਾ। ਮੈਂ ਜਾਣਦਾ ਹਾਂ ਕਿ ਆਮਦਨੀ ਦੀ ਪਛਾਣ, ਅਸਾਸਿਆਂ ਦੇ ਵਰਗੀਕਰਣ, ਅਤੇ ਐਡਵਾਂਸ ਬਾਰੇ ਧਾਰਾਵਾਂ ਸੰਬੰਧੀ ਆਰਬੀਆਈ ਦੇ ਦਿਸ਼ਾ-ਨਿਰਦੇਸ਼ਾਂ ਦੇ ਉਦੇਸ਼ ਲਈ ਸਿਰਫ਼ ਨਿਯਤ ਤਾਰੀਖ/ਮੁੜ-ਭੁਗਤਾਨ ਦੀ ਤਾਰੀਖ (ਜਿਵੇਂ ਕਿ ਮੈਨੂੰ ਮਨਜ਼ੂਰੀ ਪੱਤਰ ਜਾਂ ਅਜਿਹੇ ਹੋਰ ਸੰਚਾਰ ਦੁਆਰਾ ਸੂਚਿਤ ਕੀਤਾ ਗਿਆ ਹੈ) ਨੂੰ ਮੰਨਿਆ ਜਾਏਗਾ, ਚਾਹੇ ਬੈਂਕ ਨੇ, ਆਪਣੀ ਮਰਜ਼ੀ ਅਨੁਸਾਰ ਕਰਜ਼ੇ ਅਤੇ ਇਸ ਦੇ ਤਹਿਤ ਬਕਾਏ ਦੀ ਮੁੜ ਅਦਾਇਗੀ ਲਈ ਗ੍ਰੇਸ ਮਿਆਦ (ਜੇ ਕੋਈ ਹੈ) ਦਿੱਤੀ ਹੈ ਜਾਂ ਨਹੀਂ। ਮੈਂ ਇਸ ਗੱਲ ਤੋਂ ਵੀ ਜਾਣੂ ਹਾਂ ਕਿ ਵਿਸ਼ੇਸ਼ ਜ਼ਿਕਰ ਖਾਤੇ (“SMA”) ਸ਼੍ਰੇਣੀਆਂ ਦੇ ਰੂਪ ਵਿੱਚ ਕਰਜ਼ੇ ਦੇ ਵਰਗੀਕਰਣ ਲਈ ਆਧਾਰ ਹੇਠ ਲਿਖੇ ਅਨੁਸਾਰ ਹੋਏਗਾ (ਆਰਬੀਆਈ ਦੁਆਰਾ ਸਮੇਂ-ਸਮੇਂ 'ਤੇ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਅਧੀਨ):

| SMA ਉਪ-ਸ਼੍ਰੇਣੀਆਂ | ਵਰਗੀਕਰਣ ਲਈ ਆਧਾਰ – ਮੂਲ ਧਨ ਜਾਂ ਵਿਆਜ ਦਾ ਭੁਗਤਾਨ ਜਾਂ ਕੋਈ ਹੋਰ ਰਕਮ ਪੂਰੀ ਜਾਂ ਅੰਸ਼ਕ ਤੌਰ 'ਤੇ ਬਕਾਇਆ |
|---|---|
| SMA-0 | 30 (ਤੀਹ) ਦਿਨਾਂ ਤਕ |
| SMA-1 | 30 (ਤੀਹ) ਦਿਨਾਂ ਤੋਂ ਵੱਧ ਅਤੇ 60 (ਸੱਠ) ਦਿਨਾਂ ਤਕ |
| SMA-2 | 60 (ਸੱਠ) ਦਿਨਾਂ ਤੋਂ ਵੱਧ ਅਤੇ 90 (ਨੱਬੇ) ਦਿਨਾਂ ਤਕ |

ਇੱਕ ਗੈਰ-ਕਾਰਗੁਜ਼ਾਰੀ ਸੰਪਤੀ (“NPA”) ਦੇ ਰੂਪ ਵਿੱਚ ਕਰਜ਼ੇ ਦੇ ਵਰਗੀਕਰਣ ਦਾ ਆਧਾਰ ਹੇਠ ਲਿਖੇ ਅਨੁਸਾਰ ਹੋਏਗਾ (ਸਮੇਂ-ਸਮੇਂ ‘ਤੇ RBI ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਅਧੀਨ): ਵਿਆਜ ਅਤੇ/ਜਾਂ ਮੂਲ ਧਨ ਦੀ ਕਿਸ਼ਤ 90 (ਨੱਬੇ) ਦਿਨਾਂ ਤੋਂ ਵੱਧ ਸਮੇਂ ਲਈ ਬਕਾਇਆ ਰਹਿੰਦੀ ਹੈ।   [ਕਰਜ਼ਾ ਖਾਤੇ ਨੂੰ ਬਕਾਇਆ ਵਜੋਂ ਫਲੈਗ ਕਰਨਾ ਬੈਂਕ ਦੁਆਰਾ ਅਜਿਹੀਆਂ ਪ੍ਰਕਿਰਿਆਵਾਂ ਨੂੰ ਚਲਾਉਣ ਲਈ ਸਮੇਂ ਦੀ ਪਰਵਾਹ ਕੀਤੇ ਬਿਨਾਂ, ਬੈਂਕ ਦੁਆਰਾ ਨਿਯਤ ਤਾਰੀਖ/ਭੁਗਤਾਨ ਦੀ ਤਾਰੀਖ ਲਈ ਆਪਣੀ ਦਿਨ-ਅੰਤ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕੀਤਾ ਜਾਏਗਾ (ਜਿਵੇਂ ਕਿ ਮਨਜ਼ੂਰੀ ਪੱਤਰ ਜਾਂ ਬੈਂਕ ਦੁਆਰਾ ਜਾਰੀ ਕੀਤੇ ਗਏ ਅਜਿਹੇ ਹੋਰ ਸੰਚਾਰ ਵਿੱਚ ਦੱਸਿਆ ਗਿਆ ਹੈ)। ਕਰਜ਼ਾ ਖਾਤੇ ਦਾ SMA ਅਤੇ NPA ਦੇ ਰੂਪ ਵਿੱਚ ਵਰਗੀਕਰਣ ਸੰਬੰਧਤ ਤਾਰੀਖ ਲਈ ਦਿਨ-ਅੰਤ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕੀਤਾ ਜਾਏਗਾ। SMA ਜਾਂ NPA ਵਰਗੀਕਰਣ ਦੀ ਤਾਰੀਖ ਕਲੰਡਰ ਦੀ ਉਹ ਤਾਰੀਖ ਹੋਏਗੀ ਜਿਸ ਲਈ ਦਿਨ ਦੀ ਸਮਾਪਤੀ ਪ੍ਰਕਿਰਿਆ ਚਲਾਈ ਜਾਂਦੀ ਹੈ।]

18) ਡਿਫਾਲਟ ਦੀ ਘਟਨਾ ਦੇ ਵਾਪਰਨ ‘ਤੇ, ਬੈਂਕ, ਲਾਗੂ ਕਾਨੂੰਨਾਂ ਦੇ ਅਧੀਨ ਜਾਂ ਕਿਸੇ ਹੋਰ ਤਰ੍ਹਾਂ ਹੋਰ ਕਿਸੇ ਵੀ ਹੋਰ ਅਧਿਕਾਰਾਂ ਜੋ ਬੈਂਕ ਕੋਲ ਹੋ ਸਕਦੇ ਹਨ, ਨਾਲ ਪੱਖਪਾਤ ਕੀਤੇ ਬਿਨਾਂ: ਏ) ਮੈਨੂੰ ਲਿਖਤੀ ਰੂਪ ਵਿੱਚ 7 (ਸੱਤ) ਦਿਨਾਂ ਦਾ ਨੋਟਿਸ ਜਾਰੀ ਕਰਕੇ ਐਲਾਨ ਕਰੇ, ਕਿ ਕਰਜ਼ਾ ਅਤੇ ਸਾਰੇ ਇਕੱਠੇ ਕੀਤੇ ਵਿਆਜ ਅਤੇ ਖਰਚੇ ਤੁਰੰਤ ਭੁਗਤਾਨ ਯੋਗ ਹੋ ਗਏ ਹਨ, ਅਤੇ/ਜਾਂ (ਬੀ) ਮੈਨੂੰ 7 (ਸੱਤ) ਕਾਰੋਬਾਰੀ ਦਿਨਾਂ ਜਾਂ ਅਜਿਹੀ ਹੋਰ ਮਿਆਦ ਦਾ ਨੋਟਿਸ ਦੇਣ ਤੋਂ ਬਾਅਦ, ਜੋ ਵੀ ਉਚਿਤ ਸਮਝੀ ਜਾਏ, ਨਿੱਜੀ ਸੰਧੀ ਜਾਂ ਜਨਤਕ ਨਿਲਾਮੀ (ਖੁੱਲ੍ਹੇ ਬਜ਼ਾਰ ਵਿੱਚ ਨਿਲਾਮੀ ਸਮੇਤ) ਜਾਂ ਕਿਸੇ ਹੋਰ ਤਰ੍ਹਾਂ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੋਲਡ ਸਿਕਯੋਰਿਟੀ ਵੇਚੇ, ਜਿਸ ਨੂੰ ਮੈਂ ਇਕਰਾਰਨਾਮਾ ਕਾਨੂੰਨ, 1872 ਦੀ ਧਾਰਾ 176 ਦੇ ਉਦੇਸ਼ ਲਈ ਵਾਜਬ ਮਿਆਦ ਵਜੋਂ ਸਵੀਕਾਰ ਕਰਦਾ ਹਾਂ ਅਤੇ ਸਹਿਮਤ ਹਾਂ। ਜੇਕਰ ਇਸ ਤਰ੍ਹਾਂ ਪ੍ਰਾਪਤ ਕੀਤੀ ਗਈ ਆਮਦਨ ਕਰਜ਼ੇ ਤਹਿਤ ਬਕਾਇਆ ਰਕਮਾਂ ਨੂੰ ਪੂਰਾ ਕਰਨ ਲਈ ਨਾਕਾਫੀ ਹੈ, ਤਾਂ ਬੈਂਕ ਬਕਾਇਆ ਰਕਮ ਨੂੰ ਪ੍ਰਾਪਤ ਕਰਨ ਲਈ ਮੇਰੇ ਅਤੇ/ਜਾਂ ਮੇਰੀ ਸੰਪਤੀਆਂ ਵਿਰੁੱਧ ਅਜਿਹੀਆਂ ਕਾਰਵਾਈਆਂ ਕਰ ਸਕਦਾ ਹੈ। ਬੈਂਕ ਕਿਸੇ ਵੀ ਹੋਰ ਕਾਨੂੰਨੀ ਕਾਰਵਾਈਆਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਗੋਲਡ ਸਿਕਯੋਰਿਟੀ ਨੂੰ ਵੇਚਣ ਦੇ ਉਪਾਅ ਨੂੰ ਪਹਿਲਾਂ ਖਤਮ ਕਰਨ ਲਈ ਮਜਬੂਰ ਨਹੀਂ ਹੋਏਗਾ, ਅਤੇ ਬੈਂਕ ਅਜਿਹੀਆਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰ ਸਕਦਾ ਹੈ, ਭਾਵੇਂ ਪਹਿਲਾਂ, ਨਾਲੋਂ-ਨਾਲ, ਜਾਂ ਹੋਰ ਉਪਾਵਾਂ ਤੋਂ ਬਾਅਦ। ਉਪਾਅ ਬੈਂਕ ਦੁਆਰਾ ਆਪਣੇ ਨੁਮਾਇੰਦਿਆਂ, ਮੁਲਾਜ਼ਮਾਂ, ਅਧਿਕਾਰੀਆਂ, ਏਜੰਟਾਂ, ਤੀਜੀ ਧਿਰ/ਵਸੂਲੀ ਏਜੰਟਾਂ, ਅਤੇ/ਜਾਂ ਅਜਿਹੇ ਹੋਰ ਵਿਅਕਤੀ ਦੁਆਰਾ ਜੋ ਬੈਂਕ ਦੁਆਰਾ ਨਿਯੁਕਤ ਕੀਤਾ ਗਿਆ ਹੈ (ਇਸ ਤੋਂ ਬਾਅਦ "ਨੁਮਾਇੰਦਾ") ਸਾਰੇ ਜਾਂ ਕਿਸੇ ਵੀ ਨੁਮਾਇੰਦੇ ਨੂੰ ਸੌਂਪ ਕੇ ਕੀਤੇ ਜਾ ਸਕਦੇ ਹਨ, ਇਸਦੇ ਕੰਮਾਂ ਵਿੱਚ ਕਰਜ਼ੇ ਦੇ ਦਸਤਾਵੇਜ਼ਾਂ ਦੇ ਅਧੀਨ ਇਸ ਦੇ ਅਧਿਕਾਰਾਂ ਸਮੇਤ ਮੇਰੇ ਜਾਂ ਮੇਰੇ ਉੱਤਰਾਧਿਕਾਰੀਆਂ ਤੋਂ ਬੈਂਕ ਦੀ ਤਰਫ਼ੋਂ ਸਾਰੇ ਬਕਾਏ ਅਤੇ ਹੋਰ ਬਕਾਇਆ ਰਕਮਾਂ ਨੂੰ ਇਕੱਠਾ ਕਰਨ ਅਤੇ ਪ੍ਰਾਪਤ ਕਰਨ ਦੇ ਅਧਿਕਾਰ ਅਤੇ ਅਖਤਿਆਰ ਅਤੇ ਸਾਰੇ ਕਾਨੂੰਨੀ ਕਾਰਜਾਂ, ਕੰਮਾਂ, ਮਾਮਲਿਆਂ ਅਤੇ ਚੀਜ਼ਾਂ ਨੂੰ ਕਰਨ ਅਤੇ ਚਲਾਉਣ ਲਈ ਇਸ ਨਾਲ ਜੁੜੀਆਂ ਅਤੇ ਇਸ ਨਾਲ ਸੰਬੰਧਤ ਚੀਜ਼ਾਂ ਜਿਸ ਵਿੱਚ ਮੇਰੇ/ਮੇਰੇ ਉੱਤਰਾਧਿਕਾਰੀਆਂ ਨਾਲ ਸੰਪਰਕ ਕਰਨ ਲਈ ਨੋਟਿਸ ਭੇਜਣਾ, ਨਕਦ/ਚੈੱਕ/ਡ੍ਰਾਫਟ/ਆਰਡਰ ਆਦਿ ਪ੍ਰਾਪਤ ਕਰਨਾ ਅਤੇ ਵੈਧ ਅਤੇ ਪ੍ਰਭਾਵੀ ਰਸੀਦਾਂ ਅਤੇ ਡਿਸਚਾਰਜ ਦੇਣਾ ਸ਼ਾਮਲ ਹੈ। ਉਪਰੋਕਤ ਜਾਂ ਕਿਸੇ ਹੋਰ ਉਦੇਸ਼ਾਂ ਲਈ, ਬੈਂਕ ਦੇ ਵਿਵੇਕ ਅਨੁਸਾਰ, ਬੈਂਕ ਨੁਮਾਇੰਦਿਆਂ ਨੂੰ ਮੇਰੇ ਅਤੇ ਕਰਜ਼ੇ ਬਾਰੇ ਸਾਰੀ ਜਾਣਕਾਰੀ ਦਾ ਖੁਲਾਸਾ ਕਰਨ ਦਾ ਹੱਕਦਾਰ ਹੋਏਗਾ। ਉਪਰੋਕਤ ਦੇ ਬਾਵਜੂਦ, ਬੈਂਕ (ਅਤੇ/ਜਾਂ ਅਜਿਹੀ ਕੋਈ ਤੀਜੀ ਧਿਰ) ਕਿਸੇ ਵੀ ਤੀਜੀ ਧਿਰ (ਮੇਰੇ ਪਰਿਵਾਰਕ ਮੈਂਬਰਾਂ ਸਮੇਤ) ਨਾਲ ਸੰਪਰਕ ਕਰ ਸਕਦਾ ਹੈ ਅਤੇ ਮੇਰੇ ਅਤੇ ਕਰਜ਼ੇ ਬਾਰੇ ਸਾਰੀ ਲੋੜੀਂਦੀ ਜਾਂ ਸੰਬੰਧਤ ਜਾਣਕਾਰੀ ਦਾ ਖੁਲਾਸਾ ਕਰ ਸਕਦਾ ਹੈ। ਮੈਂ ਜਾਣਦਾ ਹਾਂ ਕਿ ਮੈਨੂੰ ਕਿਸੇ ਵੀ ਸਮੇਂ ਬੈਂਕ ਦੇ ਇਸ ਅਧਿਕਾਰ ਨਾਲ ਅਸਹਿਮਤ ਹੋਣ ਦਾ ਅਧਿਕਾਰ ਹੋਏਗਾ, ਅਤੇ ਜੇਕਰ ਮੈਂ ਇਸ ਸੰਬੰਧ ਵਿੱਚ ਲਿਖਤੀ ਰੂਪ ਵਿੱਚ ਲੋੜੀਂਦੀ ਬੇਨਤੀ ਭੇਜਦਾ ਹਾਂ ਤਾਂ ਬੈਂਕ ਅਜਿਹੀਆਂ ਬੇਨਤੀਆਂ 'ਤੇ ਵਿਚਾਰ ਕਰੇਗਾ।

19) ਮੈਨੂੰ ਪਤਾ ਹੈ ਕਿ ਬੈਂਕ ਮੇਰੇ ਦੁਆਰਾ ਬੈਂਕ ਨੂੰ ਸਾਰੇ ਬਕਾਏ ਦੇ ਭੁਗਤਾਨ ਦੇ 30 (ਤੀਹ) ਦਿਨਾਂ ਦੇ ਅੰਦਰ, ਉਸ ਬ੍ਰਾਂਚ ਦੇ ਜ਼ਰੀਏ ਜਿੱਥੋਂ ਮੈਂ ਕਰਜ਼ਾ ਲਿਆ ਹੈ, ਦੁਆਰਾ ਗੋਲਡ ਸਿਕਯੋਰਿਟੀ ਜਾਰੀ ਕਰੇਗਾ ਅਤੇ ਮੈਨੂੰ ਆਪਣੀ ਜ਼ਿੰਮੇਵਾਰੀ ‘ਤੇ ਇਸ ਨੂੰ ਪ੍ਰਾਪਤ ਕਰਨਾ ਹੋਏਗਾ, ਅਜਿਹਾ ਨਾ ਕਰਨ ‘ਤੇ ਮੈਂ ਬੈਂਕ ਦੁਆਰਾ ਨਿਰਧਾਰਤ ਕੀਤੇ ਖਰਚੇ ਦਾ ਭੁਗਤਾਨ ਕਰਨ ਲਈ ਪਾਬੰਦ ਹਾਂ। ਮੈਂ ਕਰਜ਼ੇ ਦੇ ਬੰਦ ਹੋਣ ਤੋਂ ਬਾਅਦ ਵੀ ਗੋਲਡ ਸਿਕਯੋਰਿਟੀ ਨੂੰ ਵਾਪਸ ਲੈਣ ਵਿੱਚ ਮੇਰੇ ਵੱਲੋਂ ਹੋਣ ਵਾਲੀ ਕਿਸੇ ਵੀ ਦੇਰੀ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਵਾਂਗਾ ਅਤੇ/ਜਾਂ ਮੇਰੇ ਜਾਂ ਮੇਰੇ ਅਧੀਨ ਦਾਅਵਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਗੋਲਡ ਸਿਕਯੋਰਿਟੀ ਦੇ ਬੈਂਕ ਕੋਲ ਪਈ ਰਹਿਣ ਕਾਰਨ ਹੋਏ ਨੁਕਸਾਨ ਲਈ ਮੈਂ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਵਾਂਗਾ। ਬੈਂਕ ਕਰਜ਼ੇ ਦੇ ਬੰਦ ਹੋਣ ਤੋਂ ਬਾਅਦ ਗੋਲਡ ਸਿਕਯੋਰਿਟੀ ਮੈਨੂੰ ਜਾਂ ਮੇਰੇ ਕਾਨੂੰਨੀ ਉੱਤਰਾਧਿਕਾਰੀਆਂ/ਮੇਰੀ ਮੌਤ ਦੀ ਸਥਿਤੀ ਵਿੱਚ ਮੇਰੇ ਦੁਆਰਾ ਨਿਯੁਕਤ ਨਾਮਜ਼ਦ ਵਿਅਕਤੀ ਨੂੰ ਸੌਂਪ ਸਕਦਾ ਹੈ।

20) ਕਿਸੇ ਵੀ ਆਮ ਗ੍ਰਹਿਣ ਅਧਿਕਾਰ ਅਤੇ ਲਾਗੂ ਕਾਨੂੰਨ ਜਾਂ ਕਿਸੇ ਹੋਰ ਤਰ੍ਹਾਂ ਦੇ ਅਧੀਨ ਬੈਂਕ ਨੂੰ ਉਪਲਬਧ ਸੈੱਟ-ਆਫ ਦੇ ਅਧਿਕਾਰ ਜਾਂ ਇਸ ਤਰ੍ਹਾਂ ਦੇ ਹੋਰ ਅਧਿਕਾਰਾਂ ਤੋਂ ਇਲਾਵਾ, ਬੈਂਕ ਕਿਸੇ ਵੀ ਸਮੇਂ ਅਤੇ ਮੈਨੂੰ ਨੋਟਿਸ ਦਿੱਤੇ ਬਿਨਾਂ, ਮੇਰੇ ਸਾਰੇ ਜਾਂ ਕਿਸੇ ਵੀ ਡਿਪਾਜ਼ਿਟ ਖਾਤਿਆਂ ਨੂੰ ਜੋੜ ਸਕਦਾ ਹੈ ਜਾਂ ਇਕਸਾਰ ਕਰ ਸਕਦਾ ਹੈ, ਅਤੇ ਕਰਜ਼ੇ ਤਹਿਤ ਜਾਂ ਕਿਸੇ ਹੋਰ ਤਰ੍ਹਾਂ, ਅਸਲ ਜਾਂ ਸੰਭਾਵੀ, ਪ੍ਰਾਇਮਰੀ ਜਾਂ ਕੋਲੇਟਰਲ ਅਤੇ ਸੰਯੁਕਤ ਜਾਂ ਕਈ ਤਹਿਤ ਬੈਂਕ ਨੂੰ ਮੇਰੀ ਕਿਸੇ ਵੀ ਦੇਣਦਾਰੀ ਦੀ ਸੰਤੁਸ਼ਟੀ ਲਈ ਕੋਈ ਵੀ ਰਕਮ ਜਾਂ ਰਕਮਾਂ ਨਿਰਧਾਰਤ ਕਰ ਸਕਦਾ ਹੈ ਜਾਂ ਤਬਾਦਲਾ ਕਰ ਸਕਦਾ ਹੈ। ਬੈਂਕ ਮੇਰੇ ਦੁਆਰਾ ਬੈਂਕ ਕੋਲ ਰੱਖੇ ਕਿਸੇ ਵੀ ਹੋਰ ਖਾਤਿਆਂ ਬਾਰੇ ਬਕਾਇਆ ਜਾਂ ਭੁਗਤਾਨ ਯੋਗ ਰਕਮ ਦੇ ਸੰਬੰਧ ਵਿੱਚ ਕਿਸੇ ਵੀ ਗੋਲਡ ਸਿਕਯੋਰਿਟੀ ‘ਤੇ ਗ੍ਰਹਿਣ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ।

21) ਮੈਂ ਸਮਝਦਾ ਹਾਂ ਕਿ ਮੇਰੇ ਕੋਲ ਸੰਗ੍ਰਹਿ, ਵਰਤੋਂ ਅਤੇ ਪ੍ਰਕਿਰਿਆ ਦੇ ਸੰਬੰਧ ਵਿੱਚ ਮੇਰੇ ਡੇਟਾ ‘ਤੇ ਕੁਝ ਅਧਿਕਾਰ ਹਨ। ਇਹ ਅਧਿਕਾਰ ਪੁਸ਼ਟੀ ਅਤੇ ਪਹੁੰਚ, ਸੁਧਾਰ ਅਤੇ ਮਿਟਾਉਣ, ਖੁਲਾਸੇ ਦੇ ਇਤਰਾਜ਼, ਅਤੇ ਨਿਜੀ ਡੇਟਾ ਦੀ ਪੋਰਟੇਬਿਲਟੀ ਨਾਲ ਸੰਬੰਧਤ ਹਨ, ਅਤੇ ਇਹ ਅਧਿਕਾਰ ਮੇਰੇ ਲਈ ਬੈਂਕ ਦੇ ਸੰਬੰਧਤ ਦਿਸ਼ਾ-ਨਿਰਦੇਸ਼ਾਂ ਵਿੱਚ ਨਿਰਧਾਰਤ ਤਰੀਕੇ ਨਾਲ ਉਪਲਬਧ ਹਨ, ਜੋ ਕਿ ਸੰਬੰਧਤ ਡੇਟਾ ਗੋਪਨੀਯਤਾ ਕਾਨੂੰਨ ਦੀਆਂ ਧਾਰਾਵਾਂ ਦੇ ਅਨੁਸਾਰ ਬਣਾਏ ਗਏ ਹਨ। ਮੈਂ ਬੈਂਕ ਦੇ ਸੰਬੰਧਤ ਦਿਸ਼ਾ-ਨਿਰਦੇਸ਼ਾਂ ਨੂੰ ਪੜ੍ਹ ਲਿਆ ਹੈ (ਜਾਂ ਮੈਨੂੰ ਇਹਨਾਂ ਬਾਰੇ ਸਮਝਾਇਆ ਗਿਆ ਹੈ), ਅਤੇ ਮੈਂ ਉਹਨਾਂ ਦੀ ਸਮੱਗਰੀ ਨੂੰ ਸਮਝ ਲਿਆ ਹੈ। ਮੈਨੂੰ ਪਤਾ ਹੈ ਕਿ ਜੇਕਰ ਮੈਨੂੰ ਇਸਦੀ ਲੋੜ ਹੋਈ ਤਾਂ ਮੈਂ ਬੈਂਕ ਤੋਂ ਇੱਕ ਕਾਪੀ ਪ੍ਰਾਪਤ ਕਰ ਸਕਦਾ ਹਾਂ। ਮੈਂ ਸਮਝਦਾ ਹਾਂ ਕਿ ਮੇਰਾ ਡੇਟਾ ਬੈਂਕ ਦੁਆਰਾ ਸਿਰਫ਼ ਮੇਰੀ ਵੈਧ ਸਹਿਮਤੀ ਨਾਲ ਹੀ ਲਿਆ ਜਾ ਸਕਦਾ ਹੈ ਅਤੇ ਬੈਂਕ ਦੇ ਸੰਬੰਧਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਇਸਦੀ ਵਰਤੋਂ ਜਾਂ ਪ੍ਰਕਿਰਿਆ ਕੀਤੀ ਜਾ ਸਕਦੀ ਹੈ। ਬੈਂਕ ਇਸ ਦੁਆਰਾ ਮੇਰੇ ਜਾਂ ਮੇਰੇ ਖਾਤੇ (ਖਾਤਿਆਂ) ਬਾਰੇ ਕਿਸੇ ਵੀ ਜਾਂ ਸਾਰੀ ਜਾਣਕਾਰੀ ਅਤੇ ਡੇਟਾ (ਨਿਜੀ ਸੰਵੇਦਨਸ਼ੀਲ ਡੇਟਾ/ਜਾਣਕਾਰੀ ਅਤੇ/ਜਾਂ ਕੋਈ ਹੋਰ ਜਾਣਕਾਰੀ ਸਮੇਤ, ਜਿਸ ਲਈ ਸੰਬੰਧਤ ਕਾਨੂੰਨਾਂ/ਨਿਯਮਾਂ ਦੇ ਉਪਬੰਧ ਲਾਗੂ ਹਨ, ਅਧੀਨ ਸਹਿਮਤੀ ਦੀ ਲੋੜ ਹੁੰਦੀ ਹੈ) ਭਾਵੇਂ ਮੇਰੇ ਦੁਆਰਾ ਜਾਂ ਹੋਰ ਕਿਸੇ ਵੀ ਕਾਨੂੰਨੀ/ਨੇਮਬੰਧਕ ਸੰਸਥਾਵਾਂ ਜਾਂ ਵਿੱਤੀ ਸੰਸਥਾਵਾਂ ਜਾਂ ਕ੍ਰੈਡਿਟ ਬਿਊਰੋ/ਏਜੰਸੀਆਂ ਜਾਂ ਬੈਂਕ ਦੇ ਮੁੱਖ/ਸਹਿਯੋਗੀ/ਸੰਬੰਧਤ/ਐਸੋਸੀਏਟ ਜਾਂ ਬੈਂਕ ਦੁਆਰਾ ਜਾਂ ਕਿਸੇ ਹੋਰ ਤੀਜੀ ਧਿਰ ਜਿਸ ਨਾਲ ਬੈਂਕ ਦਾ ਵਪਾਰਕ ਸੰਬੰਧ ਹੈ, ਦੁਆਰਾ ਮੁਹਈਆ ਕੀਤੇ ਗਏ ਹੋਣ, ਦਾ ਵਟਾਂਦਰਾ ਕਰਨ, ਸਾਂਝਾ ਕਰਨ, ਖੁਲਾਸਾ ਕਰਨ ਜਾਂ ਭਾਗ ਕਰਨ ਲਈ ਅਧਿਕਾਰਤ ਹੈ, ਜਿਵੇਂ ਵੀ ਕਿਸੇ ਕਾਨੂੰਨ, ਨਿਯਮ ਜਾਂ ਕਾਨੂੰਨ ਦੁਆਰਾ ਲੋੜੀਂਦਾ ਹੋਏ/ਇਜਾਜ਼ਤ ਦਿੱਤੀ ਗਈ ਹੋਏ ਜਾਂ ਬੈਂਕ ਦੁਆਰਾ ਲੋੜ ਅਨੁਸਾਰ ਹੋਏ ਅਤੇ ਮੈਂ ਬੈਂਕ ਜਾਂ ਇਸਦੇ ਏਜੰਟਾਂ/ਨੁਮਾਇੰਦਿਆਂ/ਮੁਲਾਜ਼ਮਾਂ ਨੂੰ ਅਜਿਹੀ ਜਾਣਕਾਰੀ ਦੀ ਵਰਤੋਂ/ਸਾਂਝੇ ਕਰਨ ਲਈ ਜ਼ਿੰਮੇਵਾਰ ਨਹੀਂ ਠਹਿਰਾਵਾਂਗਾ। ਮੈਂ ਦੀਵਾਲੀਆਪਨ ਅਤੇ ਦਿਵਾਲੀਆ ਕੋਡ, 2016 ('ਕੋਡ') ਦੀ ਧਾਰਾ 3 (13) ਵਿੱਚ ਪਰਿਭਾਸ਼ਿਤ 'ਵਿੱਤੀ ਜਾਣਕਾਰੀ' ਦਾ ਖੁਲਾਸਾ ਕਰਨ/ਪੇਸ਼ ਕਰਨ ਲਈ ਬੈਂਕ ਨੂੰ ਖਾਸ ਸਹਿਮਤੀ ਦਿੰਦਾ ਹਾਂ ਜਿਸਨੂੰ ਕੋਡ ਦੇ ਅਧੀਨ ਬਣਾਏ ਗਏ ਸੰਬੰਧਤ ਕਾਨੂੰਨਾਂ/ਨਿਯਮਾਂ ਨਾਲ ਪੜ੍ਹਿਆ ਜਾਏਗਾ, ਕਿਸੇ ਵੀ 'ਜਾਣਕਾਰੀ ਉਪਯੋਗਤਾ' ('IU') ਦੇ ਸੰਬੰਧ ਵਿੱਚ, ਬੈਂਕ ਤੋਂ, ਸਮੇਂ-ਸਮੇਂ 'ਤੇ, ਮੇਰੇ ਦੁਆਰਾ ਪ੍ਰਾਪਤ ਕੀਤੇ ਗਏ ਕ੍ਰੈਡਿਟ/ਵਿੱਤੀ ਸੁਵਿਧਾਵਾਂ ਦੇ ਸੰਬੰਧ ਵਿੱਚ, ਸਮੇਂ-ਸਮੇਂ 'ਤੇ ਇਸ ਦੇ ਅਧੀਨ ਸੋਧੇ ਅਤੇ ਲਾਗੂ ਹੁੰਦੇ ਹਨ, ਜਿਵੇਂ ਕਿ ਪਰਿਭਾਸ਼ਿਤ ਕੀਤਾ ਗਿਆ ਹੈ, ਮੈਂ ਇਸ ਦੁਆਰਾ ਕੋਡ ਦੀ ਧਾਰਾ 3 (21) ਵਿੱਚ, ਕੋਡ ਤਹਿਤ ਬਣਾਏ ਗਏ ਸੰਬੰਧਤ ਨਿਯਮਾਂ ਅਤੇ ਆਰਬੀਆਈ ਦੁਆਰਾ ਬੈਂਕਾਂ ਨੂੰ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ ਅਤੇ ਬੈਂਕ ਦੁਆਰਾ ਅਤੇ ਸੰਬੰਧਤ 'ਆਈਯੂ' ਦੁਆਰਾ ਬੇਨਤੀ ਕੀਤੇ ਜਾਣ ‘ਤੇ ਜਮ੍ਹਾਂ ਕੀਤੀ ਵਿੱਤੀ ਜਾਣਕਾਰੀ ਨੂੰ ਤੁਰੰਤ ਪ੍ਰਮਾਣਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਸਹਿਮਤ ਹਾਂ।

22) ਮੈਂ ਜਾਣਦਾ ਹਾਂ ਕਿ ਮੈਂ ਕਿਸੇ ਨੂੰ ਵੀ ਕਰਜ਼ੇ ਦੇ ਦਸਤਾਵੇਜ਼ਾਂ ਤਹਿਤ ਆਪਣੇ ਅਧਿਕਾਰਾਂ ਅਤੇ/ਜਾਂ ਜ਼ਿੰਮੇਵਾਰੀਆਂ ਦਾ ਤਬਾਦਲਾ ਕਰਨ/ਸਪੁਰਦ ਕਰਨ ਦਾ ਹੱਕਦਾਰ ਨਹੀਂ ਹੋਵਾਂਗਾ। ਹਾਲਾਂਕਿ, ਬੈਂਕ ਕਰਜ਼ੇ ਜਾਂ ਉਸਦੇ ਕਿਸੇ ਹਿੱਸੇ ਤਹਿਤ ਬਕਾਏ ਦੇ ਸੰਬੰਧ ਵਿੱਚ ਆਪਣੇ ਅਧਿਕਾਰਾਂ ਅਤੇ/ਜਾਂ ਜ਼ਿੰਮੇਵਾਰੀਆਂ ਨੂੰ ਆਪਣੇ ਵਿਵੇਕ ਨਾਲ, ਮੈਨੂੰ ਕੋਈ ਸੂਚਨਾ ਦਿੱਤੇ ਬਿਨਾਂ, ਕਿਸੇ ਵੀ ਇਕਾਈ ਨੂੰ, ਆਪਣੇ ਅਧਿਕਾਰਾਂ ਅਤੇ/ਜਾਂ ਜ਼ਿੰਮੇਵਾਰੀਆਂ ਦਾ ਤਬਾਦਲਾ/ਸਪੁਰਦ ਕਰਨ ਦੇ ਬੈਂਕ ਦੇ ਅਧਿਕਾਰਾਂ ਪ੍ਰਤੀ ਪੱਖਪਾਤ ਕੀਤੇ ਬਿਨਾਂ, ਆਪਣੇ ਵਿਵੇਕ ‘ਤੇ, ਮੈਨੂੰ ਸੂਚਨਾ ਦਿੱਤੇ ਬਿਨਾਂ, ਇੰਟਰ ਬੈਂਕ ਪਾਰਟਿਸੀਪੇਸ਼ਨਜ਼, 1988 ਜਾਂ ਇਸ ਦੀਆਂ ਸੋਧਾਂ (ਜਿਸ ਦੀ ਕਾਪੀ ਮੰਗ ਦੇ ਅਧਾਰ ‘ਤੇ ਬੈਂਕ ਤੋਂ ਲਈ ਜਾ ਸਕਦੀ ਹੈ), ਜਿਸ ਨੂੰ ਮੈਂ ਪੜ੍ਹਿਆ ਅਤੇ ਸਮਝਿਆ ਹੈ, ਨੂੰ ਸ਼ਾਸਿਤ ਕਰਨ ਵਾਲੇ ਇਕਸਾਰ ਜ਼ਾਬਤੇ ਦੀਆਂ ਧਾਰਾਵਾਂ ਤਹਿਤ ਇੱਕ ਜਾਂ ਵੱਧ ਸੂਚੀਬੱਧ ਵਪਾਰਕ ਬੈਂਕਾਂ ("ਭਾਗੀਦਾਰੀ ਬੈਂਕ/ਕਾਂ") ਨੂੰ ਕਰਜ਼ੇ ("ਭਾਗਦਾਰੀ") ਦੇ ਅਧੀਨ ਬਕਾਇਆ ਦੇ ਕਿਸੇ ਵੀ ਹਿੱਸੇ ਜਾਂ ਪੂਰੇ ਦਾ ਤਬਾਦਲਾ ਕਰ ਸਕਦਾ ਹੈ। ਭਾਗੀਦਾਰੀ ਕਰਜ਼ੇ ਦੇ ਸੰਬੰਧ ਵਿੱਚ ਮੇਰੇ ਅਤੇ ਬੈਂਕ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਕਿਸੇ ਵੀ ਤਰੀਕੇ ਨਾਲ ਪ੍ਰਭਾਵਿਤ ਨਹੀਂ ਕਰੇਗੀ। ਮੈਂ ਅਜਿਹੇ ਕਿਸੇ ਵੀ ਭਾਗੀਦਾਰ ਬੈਂਕਾਂ ਨਾਲ ਇਕਰਾਰਨਾਮੇ ਦੀ ਕਿਸੇ ਵੀ ਗੁਪਤਤਾ ਦਾ ਦਾਅਵਾ ਨਹੀਂ ਕਰਾਂਗਾ ਅਤੇ ਮੈਂ ਅਜਿਹੀ ਅਸਾਈਨਮੈਂਟ ਦੇ ਬਾਵਜੂਦ ਨਿਯਮ ਅਤੇ ਸ਼ਰਤਾਂ ਦੁਆਰਾ ਪਾਬੰਦ ਰਹਾਂਗਾ, ਅਤੇ ਮੈਂ ਇਸ ਗੱਲ ਲਈ ਵੀ ਸਹਿਮਤ ਹਾਂ ਕਿ ਅਸਾਈਨਮੈਂਟ ਲਾਗੂ ਹੋਣ 'ਤੇ ਅਸਾਈਨੀ ਕਰਜ਼ੇ ਵਿੱਚ ਹਿੱਤ ਪ੍ਰਾਪਤ ਕਰੇਗਾ।

23) ਇਸ ਵਿੱਚ ਜਾਂ ਮੇਰੇ ਦੁਆਰਾ ਦਿੱਤੇ ਗਏ ਕਿਸੇ ਹੋਰ ਦਸਤਾਵੇਜ਼ ਜਾਂ ਨਿਰਦੇਸ਼ਾਂ ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਬਾਵਜੂਦ, ਕਰਜ਼ੇ ਦੀ ਮੁੜ ਅਦਾਇਗੀ ਲਈ ਬੈਂਕ ਦੁਆਰਾ ਲਈ ਗਈ/ਪ੍ਰਾਪਤ/ਵਸੂਲ ਕੀਤੀ ਗਈ ਰਕਮ ਨੂੰ ਮੇਰੇ ਵੱਲੋਂ ਬਕਾਇਆ ਰਕਮਾਂ ਲਈ ਉਸ ਤਰੀਕੇ ਨਾਲ ਨਿਯੰਤਰਿਤ ਕੀਤਾ ਜਾ ਸਕਦਾ ਹੈ ਜੋ ਬੈਂਕ ਇਸ ਦੇ ਪੂਰਨ ਵਿਵੇਕ ‘ਤੇ ਉਚਿਤ ਸਮਝਦਾ ਹੈ।

24) ਮੈਂ ਸਪਸ਼ਟ ਤੌਰ ‘ਤੇ ਸਹਿਮਤ ਹਾਂ ਕਿ ਕਰਜ਼ੇ ਜਾਂ ਕਿਸੇ ਹੋਰ ਸੰਬੰਧਤ ਦਸਤਾਵੇਜ਼ ਤੋਂ ਪੈਦਾ ਹੋਣ ਵਾਲੇ ਅਤੇ/ਜਾਂ ਧਿਰਾਂ ਦੇ ਅਧਿਕਾਰਾਂ, ਫ਼ਰਜ਼ਾਂ ਅਤੇ ਦੇਣਦਾਰੀਆਂ ਨਾਲ ਸੰਬੰਧਤ ਸਾਰੇ ਵਿਵਾਦ, ਸ਼ਹਿਰ/ਸਥਾਨ ਜਿੱਥੇ ਬੈਂਕ ਦੀ ਉਹ ਬ੍ਰਾਂਚ ਜਿੱਥੇ ਕਰਜ਼ਾ ਖਾਤਾ ਰੱਖਿਆ ਜਾਂਦਾ ਹੈ ਦੀ ਅਦਾਲਤ/ਟ੍ਰਿਬਿਊਨਲ ਦੇ ਅਧਿਕਾਰ ਖੇਤਰ ਦੇ ਅਧੀਨ ਹੋਣਗੇ ਅਤੇ ਉਸ ਅਨੁਸਾਰ, ਸਮਰੱਥ ਅਧਿਕਾਰ ਖੇਤਰ ਦੀਆਂ ਅਦਾਲਤਾਂ/ਟ੍ਰਿਬਿਊਨਲਾਂ ਵਿੱਚ ਕੋਈ ਕਾਨੂੰਨੀ ਕਾਰਵਾਈ, ਮੁਕੱਦਮਾ ਜਾਂ ਕਾਰਵਾਈ ਲਿਆਂਦੀ ਜਾ ਸਕਦੀ ਹੈ। ਹਾਲਾਂਕਿ, ਬਸ਼ਰਤੇ ਕਿ ਬੈਂਕ ਕਿਸੇ ਵੀ ਹੋਰ ਸਥਾਨ ‘ਤੇ ਸਮਰੱਥ ਅਧਿਕਾਰ ਖੇਤਰ ਦੀ ਕਿਸੇ ਹੋਰ ਅਦਾਲਤ ਵਿੱਚ ਇਸ ਦੀ ਪੈਰਵੀ ਕਰਨ ਲਈ ਅਧਿਕਾਰਤ ਹੋਏ ਅਤੇ ਮੈਂ ਅਟੱਲ ਤੌਰ ‘ਤੇ ਉਨ੍ਹਾਂ ਅਦਾਲਤਾਂ/ਟ੍ਰਿਬਿਊਨਲਾਂ ਦੇ ਅਧਿਕਾਰ ਖੇਤਰ ਨੂੰ ਮੰਨਦਾ ਹਾਂ ਅਤੇ ਸਵੀਕਾਰ ਕਰਦਾ ਹਾਂ। ਮੈਂ ਸਹਿਮਤ ਹਾਂ ਅਤੇ ਸਵੀਕਾਰ ਕਰਦਾ ਹਾਂ ਕਿ ਕਰਜ਼ੇ ਦੇ ਸਾਰੇ ਦਸਤਾਵੇਜ਼ ਅਤੇ ਨਿਯਮ ਅਤੇ ਸ਼ਰਤਾਂ ਭਾਰਤੀ ਕਾਨੂੰਨਾਂ ਦੁਆਰਾ ਸ਼ਾਸਿਤ ਹੋਣਗੇ ਅਤੇ ਸਮਝੇ ਜਾਣਗੇ।

25) ਕੋਈ ਵੀ ਨੋਟਿਸ ਜਾਂ ਬੇਨਤੀ ਜਾਂ ਸੰਚਾਰ ਲਿਖਤੀ ਰੂਪ ਵਿੱਚ ਕੀਤਾ ਜਾਵੇਗਾ ਅਤੇ ਬੈਂਕ ਦੀ ਸੰਬੰਧਤ ਬ੍ਰਾਂਚ ਨੂੰ ਭੇਜਿਆ ਜਾਏਗਾ। ਬੈਂਕ ਮੈਨੂੰ ਕਿਸੇ ਵੀ ਤਰੀਕੇ ਨਾਲ ਨੋਟਿਸ/ਬੇਨਤੀ/ਸੰਚਾਰ (ਜੇਕਰ ਕੋਈ ਹੋਏ) ਭੇਜ ਸਕਦਾ ਹੈ ਜੋ ਬੈਂਕ ਨੂੰ ਢੁੱਕਵਾਂ ਅਤੇ ਉਚਿਤ ਸਮਝੇ (ਆਪਣੇ ਇਕੱਲੇ ਅਤੇ ਪੂਰਨ ਵਿਵੇਕ ਨਾਲ) ਅਤੇ ਇਹ ਮੈਨੂੰ ਪ੍ਰਾਪਤ ਹੋਇਆ ਮੰਨਿਆ ਜਾਏਗਾ: (1) ਜੇਕਰ ਡਾਕ ਦੁਆਰਾ ਦਿੱਤਾ ਜਾਂਦਾ ਹੈ, ਤਾਂ 2 (ਦੋ) ਦਿਨਾਂ ਦੀ ਮਿਆਦ ਪੁਗਣ ਤੋਂ ਬਾਅਦ ਉਸਨੂੰ ਡਾਕਘਰ ਨੂੰ ਭੇਜ ਦਿੱਤਾ ਜਾਏਗਾ, ਅਤੇ (2) ਜੇਕਰ ਨਿਜੀ ਤੌਰ 'ਤੇ ਦਿੱਤਾ ਜਾਂਦਾ ਹੈ, ਜਦੋਂ ਮੇਰੇ ਪਤੇ ‘ਤੇ ਪਹੁੰਚਾ ਦਿੱਤਾ ਜਾਂਦਾ ਹੈ ਅਤੇ ਬੈਂਕ ਦੇ ਕਿਸੇ ਅਧਿਕਾਰੀ ਦੁਆਰਾ ਇੱਕ ਸਰਟੀਫਿਕੇਟ ਦਿੱਤਾ ਜਾਏਗਾ ਕਿ ਅਜਿਹਾ ਨੋਟਿਸ ਜਾਂ ਸੰਚਾਰ ਭੇਜਿਆ ਗਿਆ ਹੈ ਜੋ ਇਸ ਤਰ੍ਹਾਂ ਦਿੱਤਾ ਗਿਆ ਹੈ ਜਾਂ ਕੀਤਾ ਗਿਆ ਹੈ, ਉਹ ਅੰਤਮ, ਫ਼ੈਸਲਾਕੁਨ ਅਤੇ ਮੇਰੇ ਲਈ ਮੰਨਣ ਯੋਗ ਹੋਏਗਾ।

26) ਜੇਕਰ ਦਿੱਤੇ ਗਏ ਵੇਰਵਿਆਂ ਵਿੱਚ ਕੋਈ ਤਬਦੀਲੀ ਹੁੰਦੀ ਹੈ, ਤਾਂ ਮੈਂ ਅਜਿਹੇ ਬਦਲਾਅ ਦੇ 2 (ਦੋ) ਹਫ਼ਤਿਆਂ ਦੇ ਅੰਦਰ ਸਹਾਇਕ ਸਬੂਤ ਦੇ ਨਾਲ ਅਜਿਹੀ ਤਬਦੀਲੀ ਬਾਰੇ ਬੈਂਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨ ਦਾ ਵਚਨ ਦਿੰਦਾ ਹਾਂ, ਅਤੇ ਉਦੋਂ ਤੱਕ ਬੈਂਕ ਕਰਜ਼ੇ ਦੇ ਸੰਬੰਧ ਵਿੱਚ ਇਸਦਾ ਡੋਮੇਨ ਵਿੱਚ ਉਪਲਬਧ ਜਾਣਕਾਰੀ ਨੂੰ ਮਾਨਤਾ ਦੇਣ ਲਈ ਅਧਿਕਾਰਤ ਹੈ।

27) ਮੈਂ ਸਹਿਮਤ ਹਾਂ ਕਿ: (1) ਚੋਰੀ/ਅੱਗ/ਕੁਦਰਤੀ ਆਫਤ/ਅਚਨਚੇਤ ਹੋਈ ਘਟਨਾ/ਕੋਈ ਰੱਬੀ ਕਾਰਾ/ਸਰਕਾਰ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ/ਬੈਂਕ ਦੇ ਕੰਟਰੋਲ ਤੋਂ ਬਾਹਰ ਦੇ ਅਣਕਿਆਸੇ ਹਾਲਾਤ ਕਾਰਨ ਗੋਲਡ ਸਿਕਯੋਰਿਟੀ ਨੂੰ ਨੁਕਸਾਨ ਜਾਂ ਹਾਨੀ ਹੋਣ ਦੀ ਸਥਿਤੀ ਵਿੱਚ, ਬੈਂਕ ਦੀ ਦੇਣਦਾਰੀ ਬੀਮਾਕਰਤਾ ਤੋਂ ਪ੍ਰਾਪਤ ਬੀਮਾ ਦਾਅਵੇ ਦੀ ਅਨੁਪਾਤਕ ਰਕਮ ਦੇ ਭੁਗਤਾਨ ਤਕ ਸੀਮਿਤ ਹੋਏਗੀ, (2) ਮੈਂ ਇਹਨਾਂ ਨਿਯਮ ਅਤੇ ਸ਼ਰਤਾਂ ਅਤੇ ਦੂਜੇ ਕਰਜ਼ਾ ਦਸਤਾਵੇਜ਼ਾਂ ਦੀ ਸਵੀਕ੍ਰਿਤੀ, ਵੰਡ, ਕਾਰਗੁਜ਼ਾਰੀ ਜਾਂ ਲਾਗੂ ਕਰਨ ਦੇ ਸੰਬੰਧ ਵਿੱਚ, ਕੋਈ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਅਤੇ ਸਮਾਨ ਟੈਕਸ ਜਾਂ ਖਰਚੇ ਦਾ ਭੁਗਤਾਨ ਕਰਨ ਵਿੱਚ ਦੇਰੀ ਜਾਂ ਭੁੱਲ ਨਾਲ ਸੰਬੰਧਤ ਜਾਂ ਇਸਦੇ ਨਤੀਜੇ ਵਜੋਂ ਹੋਣ ਵਾਲੇ ਜੁਰਮਾਨੇ ਸਮੇਤ ਕਿਸੇ ਵੀ ਨੁਕਸਾਨ, ਲਾਗਤ, ਚਾਰਜਿਜ਼, ਖਰਚਿਆਂ ਅਤੇ ਦੇਣਦਾਰੀਆਂ ਦੇ ਵਿਰੁੱਧ ਬੈਂਕ ਨੂੰ ਹਰ ਸਮੇਂ ਮੁਆਵਜ਼ਾ ਦੇਣ ਤੋਂ ਇਲਾਵਾ ਮੌਜੂਦਾ ਅਤੇ ਭਵਿੱਖ ਦੀ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਅਤੇ ਸਮਾਨ ਟੈਕਸ ਜਾਂ ਖਰਚਿਆਂ ਨੂੰ ਸਹਿਣ ਅਤੇ ਅਦਾ ਕਰਾਂਗਾ।

28) NDNC/DND/NCPR ਸਹਿਮਤੀ: ਮੋਬਾਈਲ ਨੰਬਰ ਅਤੇ ਈ-ਮੇਲ ਆਈਡੀ ਨੂੰ ਸਾਂਝਾ ਕਰਕੇ (ਅਤੇ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਆਈਡੀ ਵਿੱਚ ਬਦਲਾਵਾਂ ਬਾਰੇ ਬੈਂਕ ਨੂੰ ਸੂਚਿਤ ਕਰਕੇ) ਮੈਂ ਪ੍ਰਮਾਣਿਤ ਕਰਦਾ ਹਾਂ, ਭਰੋਸਾ ਦਿੰਦਾ ਹਾਂ ਅਤੇ ਦਰਸਾਉਂਦਾ ਹਾਂ ਕਿ ਦਿੱਤੇ ਗਏ ਮੋਬਾਈਲ ਨੰਬਰ, ਅਤੇ ਈ-ਮੇਲ ਆਈਡੀ ਮੇਰੀ ਵਿਸ਼ੇਸ਼ ਵਰਤੋਂ ਅਤੇ ਅਧਿਕਾਰ ਖੇਤਰ ਦੇ ਅੰਦਰ ਹਨ, ਅਤੇ ਇਹ ਕਿਸੇ ਹੋਰ ਵਿਅਕਤੀ ਨਾਲ ਸੰਬੰਧਤ ਨਹੀਂ ਹਨ ਅਤੇ ਨਾ ਹੀ ਵਰਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਮੈਂ SMS, ਇੰਸਟੈਂਟ ਮੈਸੇਜਿੰਗ, ਅਤੇ ਸੰਚਾਰ ਦੇ ਹੋਰ ਢੰਗਾਂ ਰਾਹੀਂ ਸੰਚਾਰ ਪ੍ਰਾਪਤ ਕਰਨ ਲਈ ਸਹਿਮਤੀ ਦਿੰਦਾ ਹਾਂ, ਜਿਸ ਵਿੱਚ ਬੈਂਕ, ਇਸਦੇ ਏਜੰਟਾਂ, ਅਧਿਕਾਰਤ ਨੁਮਾਇੰਦਿਆਂ, ਸਹਿਯੋਗੀਆਂ ਵੱਲੋਂ ਦਿੱਤੇ ਗਏ ਮੋਬਾਈਲ ਨੰਬਰ ਅਤੇ ਈ-ਮੇਲ ਆਈਡੀ ‘ਤੇ ਪ੍ਰਚਾਰ ਜਾਂ ਜਾਣਕਾਰੀ ਜਾਂ ਮਾਰਕੇਟਿੰਗ ਗਤੀਵਿਧੀਆਂ ਲਈ ਵ੍ਹਾਟਸਐਪ ਪਲੇਟਫਾਰਮ, ਟੈਲੀਫੋਨ ਕਾਲਾਂ (ਪਹਿਲਾਂ ਤੋਂ ਰਿਕਾਰਡ ਕੀਤੀਆਂ ਅਤੇ/ਜਾਂ ਨਕਲੀ ਆਵਾਜ਼ ਅਤੇ/ਜਾਂ ਆਟੋ-ਡਾਇਲਡ ਅਤੇ/ਜਾਂ ਵੌਇਸ-ਓਵਰ -ਆਈਪੀ ਸੇਵਾ) ਸ਼ਾਮਲ ਹਨ। ਮੈਂ ਸਵੀਕਾਰ ਕਰਦਾ ਹਾਂ ਕਿ ਮੈਨੂੰ ਸੁਨੇਹੇ ਅਤੇ ਕਾਲਾਂ ਪ੍ਰਾਪਤ ਕਰਨ ਦੀ ਇਜਾਜ਼ਤ ਹੈ ਜੋ ਮੇਰੇ ਲਈ ਪ੍ਰਾਪਤਕਰਤਾ ਵਜੋਂ, ਸੰਬੰਧਤ ਮੋਬਾਈਲ ਨੰਬਰਾਂ ਅਤੇ ਈ-ਮੇਲ ਆਈਡੀ ‘ਤੇ ਹਨ। ਮੈਂ ਬੈਂਕ ਨੂੰ ਮੇਰੇ ਸੰਪਰਕ ਨੰਬਰ ਨੂੰ NDNC/NCPR ਵਿੱਚ ਡੀ-ਰਜਿਸਟਰ ਕਰਨ ਅਤੇ ਮੇਰੇ ਸੰਪਰਕ ਨੰਬਰ ਦਾ DND ਦਰਜਾ ਅਕਿਰਿਆਸ਼ੀਲ/ਡੀ-ਰਜਿਸਟਰ ਕਰਨ ਲਈ ਅਧਿਕਾਰਤ ਕਰਦਾ ਹਾਂ। ਮੈਂ/ਅਸੀਂ ਜਾਣਦਾ ਹਾਂ ਕਿ DND/NDNC/NCPR ਡੀ-ਰਜਿਸਟ੍ਰੇਸ਼ਨ ਤੋਂ ਬਾਅਦ, ਮੈਨੂੰ ਬੇਨਤੀ ਦੇ ਸਹੀ ਹੋਣ ਦੀ ਪੁਸ਼ਟੀ ਕਰਨ ਲਈ ਕਾੱਲ ਆ ਸਕਦੀ ਹੈ। ਮੈਂ ਇਸ ਗੱਲ ਤੋਂ ਵੀ ਜਾਣੂ ਹਾਂ ਕਿ ਬੈਂਕ ਦੁਆਰਾ NDNC/NCPR ਸਥਿਤੀ

ਨੂੰ ਅਕਿਰਿਆਸ਼ੀਲ/ਡੀ-ਰਜਿਸਟਰ ਕਰਨ ਤੋਂ ਬਾਅਦ ਮੇਰੇ ਕੋਲ ਕਿਸੇ ਵੀ ਸਮੇਂ ਆਪਣੇ ਵਿਵੇਕ ‘ਤੇ NDNC/NCPR ਲਈ ਦੁਬਾਰਾ ਰਜਿਸਟਰ ਕਰਨ ਦਾ ਅਧਿਕਾਰ ਅਤੇ ਵਿਕਲਪ ਹੈ। ਮੈਂ ਬੈਂਕ, ਇਸਦੇ ਏਜੰਟਾਂ, ਅਧਿਕਾਰਤ ਨੁਮਾਇੰਦਿਆਂ, ਸਹਿਯੋਗੀਆਂ ਨੂੰ ਟੈਲੀਫੋਨ/ਮੋਬਾਈਲ/SMS/ਈ-ਮੇਲ ਰਾਹੀਂ ਲੈਣ-ਦੇਣ, ਪ੍ਰਚਾਰ ਸੰਬੰਧੀ ਅਤੇ ਨਾਲ ਹੀ ਸੇਵਾ ਨਾਲ ਸਬੰਧਤ ਕਾਲਾਂ ਜਾਂ ਸੰਦੇਸ਼ਾਂ ਲਈ ਮੇਰੇ ਨਾਲ ਸੰਪਰਕ ਕਰਨ ਲਈ ਅਧਿਕਾਰਤ ਕਰਦਾ ਹਾਂ।

29) ਕ੍ਰੈਡਿਟ ਬਿਊਰੋ ਜਾਂਚ ਲਈ ਸਹਿਮਤੀ: (ਏ) ਮੇਰੇ ਵਿੱਤੀ ਅਨੁਸ਼ਾਸਨ ਦਾ ਮੁਲਾਂਕਣ ਕਰਨ ਅਤੇ RBI/ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਲੋੜੀਂਦੀ ਕਾਰਵਾਈ ਸ਼ੁਰੂ ਕਰਨ ਲਈ, (ਬੀ) ਬੈਂਕ ਨੂੰ ਮੈਨੂੰ ਹੋਰ/ਵਾਧੂ ਕਰਜ਼ਾ ਦੇਣ ਬਾਰੇ ਵਿਚਾਰ ਕਰਨ ਦੇ ਯੋਗ ਬਣਾਉਣ ਲਈ, ਅਤੇ (ਸੀ) ਮੌਜੂਦਾ ਕਰਜ਼ੇ ਨੂੰ ਘਟਾਉਣ/ਵਧਾਉਣ/ਰੋਲਓਵਰ/ਸੋਧਣ ਲਈ, ਬੈਂਕ ਦੁਆਰਾ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ‘ਤੇ, ਮੈਂ ਬੈਂਕ ਨੂੰ ਕ੍ਰੈਡਿਟ ਇਨਫਰਮੇਸ਼ਨ ਕੰਪਨੀਆਂ ਜਾਂ ਅਜਿਹੀਆਂ ਹੋਰ ਰਿਪੋਜ਼ਟਰੀਆਂ ਦੇ ਡੇਟਾਬੇਸ ਤਕ ਕਈ ਵਾਰ ਪਹੁੰਚ ਕਰਨ ਲਈ ਵਿਸ਼ੇਸ਼ ਸਹਿਮਤੀ ਦਿੰਦਾ ਹਾਂ। ਜੇਕਰ ਬੈਂਕ ਮੇਰੀ/ਸਾਡੀ ਕ੍ਰੈਡਿਟ ਜਾਣਕਾਰੀ ਪ੍ਰਾਪਤ ਕਰਨ ਲਈ CICs ਜਾਂ ਅਜਿਹੀਆਂ ਹੋਰ ਰਿਪੋਜ਼ਟਰੀਆਂ ਦੇ ਡੇਟਾਬੇਸ ਤਕ ਪਹੁੰਚ ਕਰਦਾ ਹੈ ਤਾਂ ਮੈਂ ਕਿਸੇ ਵੀ ਸਮੇਂ ਬੈਂਕ ਜਾਂ ਇਸਦੇ ਅਧਿਕਾਰੀਆਂ ਦੇ ਵਿਰੁੱਧ ਕੋਈ ਇਤਰਾਜ਼ ਜਾਂ ਵਿਵਾਦ ਜਾਂ ਦਾਅਵਾ ਨਹੀਂ ਕਰਾਂਗਾ।

30) ਸੋਨੇ ਦੀ ਤਸਦੀਕ/ਪਰਖ ਲਈ ਸਹਿਮਤੀ: ਮੈਂ ਜਾਣਦਾ ਹਾਂ ਅਤੇ ਸਵੀਕਾਰ ਕਰਦਾ ਹਾਂ ਕਿ, ਬੇਨਤੀ ਕੀਤੇ ਜਾ ਰਹੇ ਕਰਜ਼ੇ ਲਈ ਮੇਰੀ ਯੋਗਤਾ ਦਾ ਮੁਲਾਂਕਣ ਕਰਨ ਦੀ ਪ੍ਰਕਿਰਿਆ ਵਿੱਚ, ਬੈਂਕ ਹੋਰ ਗੱਲਾਂ ਦੇ ਨਾਲ, ਮੇਰੇ ਦੁਆਰਾ ਜਮ੍ਹਾਂ ਕੀਤੇ ਜਾ ਰਹੇ ਸੋਨੇ ਦੇ ਗਹਿਣਿਆਂ ਦੀ ਸ਼ੁੱਧਤਾ ਅਤੇ ਗੁਣਵੱਤਾ ਦੀ ਜਾਂਚ/ਪੜਤਾਲ ਕਰੇਗਾ। ਮੈਂ ਬੈਂਕ ਨੂੰ ਸਪਸ਼ਟ ਤੌਰ ‘ਤੇ ਸਹਿਮਤੀ ਦਿੰਦਾ ਹਾਂ ਕਿ ਮੇਰੇ ਵੱਲੋਂ ਬੈਂਕ ਵਿੱਚ ਜਮ੍ਹਾਂ ਕੀਤੇ ਜਾ ਰਹੇ ਸੋਨੇ ਦੇ ਗਹਿਣਿਆਂ ਦੀ ਸ਼ੁੱਧਤਾ ਅਤੇ ਗੁਣਵੱਤਾ ਦੀ ਜਾਂਚ/ਤਸਦੀਕ ਬੈਂਕ ਦੁਆਰਾ ਉਚਿਤ ਸਮਝੇ ਜਾਣ ਵਾਲੇ ਕਿਸੇ ਇੱਕ ਜਾਂ ਇੱਕ ਤੋਂ ਵੱਧ ਮਾਨਤਾ ਪ੍ਰਾਪਤ ਸੋਨੇ ਦੀ ਜਾਂਚ/ਤਸਦੀਕ ਵਿਧੀਆਂ ਨੂੰ ਅਪਣਾ ਕੇ ਕੀਤੀ ਜਾਏ। ਮੈਂ ਬੈਂਕ ਨੂੰ ਸੋਨੇ ਦੇ ਗਹਿਣਿਆਂ ਦੀ ਸ਼ੁੱਧਤਾ ਅਤੇ/ਜਾਂ ਗੁਣਵੱਤਾ ਦੀ ਪੁਸ਼ਟੀ/ਮੁੜ-ਪੁਸ਼ਟੀ ਲਈ ਦੇ ਨਾਲ-ਨਾਲ ਕਿਸੇ ਵੀ ਆਡਿਟ ਦੇ ਉਦੇਸ਼ ਲਈ ਸੀਲਬੰਦ ਪੈਕੇਟ ਨੂੰ ਖੋਲ੍ਹਣ ਲਈ ਵੀ ਅਧਿਕਾਰਤ ਕਰਦਾ ਹਾਂ, ਜਿਸ ਵਿੱਚ ਮੇਰੇ ਦੁਆਰਾ ਸੋਨੇ ਦੇ ਗਹਿਣੇ ਜਮ੍ਹਾਂ ਕੀਤੇ ਜਾ ਰਹੇ ਹਨ। ਮੈਂ ਕਿਸੇ ਵੀ ਸਮੇਂ ਬੈਂਕ ਦੁਆਰਾ ਕੀਤੀ ਗਈ ਜਾਂਚ/ਤਸਦੀਕ ਜਾਂ ਇਸ ਨਾਲ ਹੋਏ ਨੁਕਸਾਨ/ਰੰਗ ਖ਼ਰਾਬ ਹੋਣ (ਜੇ ਕੋਈ ਹੋਵੇ) ਦੇ ਸੰਬੰਧ ਵਿੱਚ ਬੈਂਕ ਜਾਂ ਇਸਦੇ ਅਧਿਕਾਰੀਆਂ ਦੇ ਵਿਰੁੱਧ ਕੋਈ ਇਤਰਾਜ਼ ਜਾਂ ਵਿਵਾਦ ਜਾਂ ਦਾਅਵਾ ਨਹੀਂ ਕਰਾਂਗਾ।

31) ਕੇਂਦਰੀ ਕੇਵਾਈਸੀ: ਮੈਂ ਬੈਂਕ ਨੂੰ ਕੇਂਦਰੀ KYC ਰਜਿਸਟਰੀ ‘ਤੇ ਇੱਥੇ ਦਿੱਤੇ ਵੇਰਵਿਆਂ ਨੂੰ ਅੱਪਲੋਡ ਕਰਨ ਦਾ ਅਧਿਕਾਰ ਦਿੰਦਾ ਹਾਂ। ਮੈਂ ਬੈਂਕ ਨੂੰ ਮੇਰੇ ਦੁਆਰਾ ਜਮ੍ਹਾ ਕੀਤੇ ਕੇਵਾਈਸੀ ਨੰਬਰ ਦੇ ਆਧਾਰ ‘ਤੇ ਕੇਂਦਰੀ ਕੇਵਾਈਸੀ ਰਜਿਸਟਰੀ ਤੋਂ ਮੇਰੇ ਕੇਵਾਈਸੀ ਵੇਰਵਿਆਂ ਨੂੰ ਡਾਊਨਲੋਡ ਕਰਨ ਦਾ ਵੀ ਅਧਿਕਾਰ ਦਿੰਦਾ ਹਾਂ। ਮੈਂ ਕੇਂਦਰੀ ਕੇਵਾਈਸੀ ਰਜਿਸਟਰੀ ਤੋਂ ਇੱਥੇ ਦੱਸੇ ਮੋਬਾਈਲ ਨੰਬਰ/ਈ-ਮੇਲ ਆਈਡੀ 'ਤੇ SMS/ਈ-ਮੇਲ ਰਾਹੀਂ ਜਾਣਕਾਰੀ ਪ੍ਰਾਪਤ ਕਰਨ ਲਈ ਸਹਿਮਤੀ ਦਿੰਦਾ ਹਾਂ।

| | |
|---|---|
| ○ | ਇੱਥੇ ਦਿੱਤੀ ਗਈ ਹਰੇਕ ਜਾਣਕਾਰੀ ਸਾਰੇ ਪਹਿਲੂਆਂ ਤੋਂ ਸਹੀ ਅਤੇ ਸੰਪੂਰਨ ਹੈ, ਅਤੇ ਮੈਂ ਹਰੇਕ ਜਾਣਕਾਰੀ ਦੇ ਦਰੁਸਤ ਹੋਣ ਦੀ ਪੁਸ਼ਟੀ ਕਰਦਾ ਹਾਂ। ਮੈਂ ਬੈਂਕ ਦੀ ਬੇਨਤੀ ‘ਤੇ ਅਜਿਹੇ ਹੋਰ ਦਸਤਾਵੇਜ਼, ਜਾਣਕਾਰੀ, ਵੇਰਵੇ ਅਤੇ ਚੀਜ਼ਾਂ ਜਮ੍ਹਾਂ ਕਰਾਵਾਂਗਾ, ਜੋ ਬੈਂਕ ਜ਼ਰੂਰੀ ਸਮਝੇ। ਮੈਂ ਬੈਂਕ, ਇਸਦੇ ਸਹਿਯੋਗੀਆਂ, ਉੱਤਰਾਧਿਕਾਰੀਆਂ, ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਹਰ ਸਮੇਂ, ਸਾਰੀਆਂ ਕਾਰਵਾਈਆਂ, ਮੰਗਾਂ, ਨੁਕਸਾਨ, ਲਾਗਤ ਅਤੇ ਖਰਚਿਆਂ ਤੋਂ, ਜੋ ਬੈਂਕ ਮੇਰੀ ਕਿਸੇ ਵੀ ਲਾਪਰਵਾਹੀ/ਗਲਤੀ ਜਾਂ ਮੇਰੇ ਵੱਲੋਂ ਕਿਸੇ ਵੀ ਲਾਗੂ ਨਿਯਮ ਅਤੇ ਕਾਨੂੰਨਾਂ ਅਤੇ/ਜਾਂ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਨਾ ਕਰਨ, ਜਾਂ ਬੈਂਕ ਨੂੰ ਮੇਰੇ ਨਾਲ ਸਬੰਧਤ ਕੋਈ ਗਲਤ ਜਾਂ ਅਧੂਰੀ ਜਾਣਕਾਰੀ ਪ੍ਰਦਾਨ ਕਰਨ ਦੇ ਨਤੀਜੇ ਵਜੋਂ ਕਿਸੇ ਵੀ ਸਮੇਂ ਕਿਸੇ ਨਤੀਜੇ ਵਜੋਂ ਉਠਾ ਸਕਦਾ ਹੈ ਜਾਂ ਕਾਇਮ ਰੱਖ ਸਕਦਾ ਹੈ, ਵਿਰੁੱਧ ਹਰ ਸਮੇਂ ਹਰਜਾਨਾ ਦਿੰਦੇ ਹਾਂ ਅਤੇ ਹਰਜਾਨਾ ਦਿੰਦੇ ਰਹਾਂਗੇ । |
| ○ | **ਆਧਾਰ ਦੀ ਵਰਤੋਂ ਲਈ ਅਥਾਰਟੀ:** ਮੈਂ ਆਪਣੀ ਇੱਛਾ ਨਾਲ ਬੈਂਕ ਜਾਂ ਬੈਂਕ ਦੇ ਆਪਰੇਟਰਾਂ ਨੂੰ ਮੇਰੇ ਆਧਾਰ ਡਾਟਾ/ਪਛਾਣ ਦੀ ਜਾਣਕਾਰੀ/ਆਧਾਰ ਕਾਰਡ ਦੀ ਅਸਲ ਕਾਪੀ/ਅਸਲ ਈ-ਆਧਾਰ/ਮਾਸਕਡ ਆਧਾਰ/ਵਰਚੁਅਲ ਆਈਡੀ/ਔਫਲਾਈਨ ਇਲੈਕਟ੍ਰਾਨਿਕ ਆਧਾਰ xml ਦੀ ਵਰਤੋਂ ਕਰਨ ਲਈ ਆਪਣੀ ਸਹਿਮਤੀ ਦਿੰਦਾ ਹਾਂ ਜਿਵੇਂ ਕਿ UIDAI ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਜਾਂ ਲਾਗੂ ਕਿਸੇ ਕਾਨੂੰਨ ਜਾਂ ਕਾਨੂੰਨ ਦੇ ਅਧੀਨ, ਮੇਰੀ ਪਛਾਣ ਸਥਾਪਤ ਕਰਨ ਲਈ UIDAI ਨਾਲ ਆਧਾਰ ਅਧਾਰਤ ਈ-ਕੇਵਾਈਸੀ ਪ੍ਰਮਾਣਿਕਤਾ/ਬਾਇਓਮੈਟ੍ਰਿਕ ਪ੍ਰਮਾਣਿਕਤਾ/OTP ਪ੍ਰਮਾਣਿਕਤਾ/ਚਿਹਰੇ ਦੀ ਪ੍ਰਮਾਣਿਕਤਾ/ਆਇਰਿਸ ਪ੍ਰਮਾਣਿਕਤਾ ਕਰਨ ਲਈ ਸਮੇਂ-ਸਮੇਂ 'ਤੇ, ਬੈਂਕ ਨਾਲ ਨਿਰਦੇਸ਼ਾਂ 'ਤੇ ਕਾਰਵਾਈ ਕਰਨ ਦੇ ਉਦੇਸ਼ਾਂ ਲਈ ਜਾਂ ਮੈਨੂੰ ਵੱਖ-ਵੱਖ ਬੈਂਕਿੰਗ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ, ਲਾਗੂ ਕਾਨੂੰਨਾਂ/ਨਿਯਮਾਂ ਦੇ ਉਪਬੰਧਾਂ ਦੇ ਅਧੀਨ ਭਾਰਤ ਦੀ ਵਿਲੱਖਣ ਪਛਾਣ ਅਥਾਰਟੀ (UIDAI) ਦੁਆਰਾ ਜਾਰੀ ਕੀਤਾ ਗਿਆ ਹੈ। ਮੈਂ ਜਾਣਦਾ ਹਾਂ ਕਿ ਮੇਰਾ ਆਧਾਰ ਡਾਟਾ/ਪਛਾਣ ਜਾਣਕਾਰੀ/ਮੇਰੇ ਆਧਾਰ ਕਾਰਡ ਦੀ ਅਸਲ ਕਾਪੀ/ਅਸਲ ਈ-ਆਧਾਰ/ਮਾਸਕਡ ਆਧਾਰ/ਵਰਚੁਅਲ ਆਈਡੀ/ਔਫਲਾਈਨ ਇਲੇਕਟ੍ਰਾਨਿਕ ਆਧਾਰ XML ਨੂੰ ਬੈਂਕ ਦੁਆਰਾ ਸਿਰਫ਼ ਕਾਨੂੰਨੀ, ਨੇਮਬੰਧਕ ਅਤੇ ਬਿਹਤਰੀਨ ਕਾਰੋਬਾਰੀ ਲੋੜਾਂ ਦੇ ਅਮਲਾਂ ਦੀ ਪਾਲਣਾ ਕਰਕੇ ਸਟੋਰ ਕੀਤਾ ਜਾਏਗਾ। ਮੈਂ ਆਪਣੀ ਪਛਾਣ ਸਥਾਪਤ ਕਰਨ ਲਈ ਉਪਲਬਧ ਹੋਰ ਢੰਗਾਂ ਤੋਂ ਜਾਣੂ ਹਾਂ, ਜਿਵੇਂ ਕਿ ਮੇਰੇ ਆਧਾਰ ਦੀ ਔਫਲਾਈਨ ਤਸਦੀਕ, ਪਾਸਪੋਰਟ ਦੀ ਵਰਤੋਂ ਜਾਂ ਕੋਈ ਹੋਰ ਅਧਿਕਾਰਤ ਤੌਰ 'ਤੇ ਵੈਧ ਦਸਤਾਵੇਜ਼ (“OVD”)। ਪਛਾਣ ਦੀ ਜਾਣਕਾਰੀ ਇਕੱਠੀ ਕਰਨ ਦੀ ਸਹਿਮਤੀ ਅਤੇ ਉਦੇਸ਼ ਮੇਰੇ ਦੁਆਰਾ ਜਾਣੀ ਜਾਂਦੀ ਸਥਾਨਕ ਭਾਸ਼ਾ ਵਿੱਚ ਮੈਨੂੰ ਸਮਝਾਇਆ ਗਿਆ ਹੈ। |

ਮੈਂ ਪੁਸ਼ਟੀ ਕਰਦਾ ਹਾਂ ਕਿ ਮੈਂ ਕਰਜ਼ੇ ਲਈ ਲਾਗੂ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਿਆ ਹੈ ਜਾਂ ਸ੍ਰੀ/ਸ੍ਰੀਮਤੀ ______________________________ ਦੁਆਰਾ ______________________________ (ਸਥਾਨਕ ਭਾਸ਼ਾ) ਵਿੱਚ (ਪੜ੍ਹਿਆ ਗਿਆ ਹੈ) ਅਤੇ ਮੈਂ ਇਸਨੂੰ ਪੂਰੀ ਤਰ੍ਹਾਂ ਸਮਝਦਾ ਹਾਂ, ਸਵੀਕਾਰ ਕਰਦਾ ਹਾਂ, ਮੰਨਦਾ ਹਾਂ ਅਤੇ ਸਹਿਮਤ ਹਾਂ। ਮੈਨੂੰ ਬੈਂਕ ਅਧਿਕਾਰੀ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਜਦੋਂ ਤੱਕ ਮੈਂ ਕਰਜ਼ੇ 'ਤੇ ਲਾਗੂ ਨਿਯਮਾਂ ਅਤੇ ਸ਼ਰਤਾਂ ਨੂੰ ਸਮਝਦਾ ਨਹੀਂ ਅਤੇ ਯਕੀਨ ਨਹੀਂ ਕਰ ਲੈਂਦਾ, ਮੈਂ ਇਸ ਦਸਤਾਵੇਜ਼ ਨੂੰ ਸਵੀਕਾਰ/ਪ੍ਰਵਾਨ ਕਰਨ/ਸਹਿਮਤ ਹੋਣ/ਦਸਤਖ਼ਤ ਕਰਨ ਲਈ ਪਾਬੰਦ ਨਹੀਂ ਹਾਂ। ਮੈਂ ਉਸ ਤੋਂ ਬਾਅਦ ਹੀ ਆਪਣੇ ਦਸਤਖ਼ਤ ਕਰ ਰਿਹਾ ਹਾਂ।

ਦਸਤਖ਼ਤ

ਤਾਰੀਖ਼:

ਸਥਾਨ: